ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 15 ਦਸੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

# ਪੋਹ

# ਸਰਬੰਸ ਦਾਨੀਆ ਵੇ ਦੇਣਾ ਕੌਣ ਦੇਊਗਾ ਤੇਰਾ...

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥*

*ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪*

## ਸਿੱਖ ਸ਼ਹਾਦਤਾਂ ਦਾ ਸ਼ਿਖਰ : ਪੋਹ ਮਹੀਨਾ

ਪੋਹ ਦਾ ਮਹੀਨਾ ਸਿੱਖ ਸ਼ਹਾਦਤਾਂ ਦੀ ਸਿਖਰ ਹੈ। ਸਾਲ 1704 ਵਿਚ ਬਾਲ ਸ਼ਹੀਦਾਂ ਦੀ ਬੇਮਿਸਾਲ ਸ਼ਹਾਦਤ ਮਨੁਖੀ ਜੀਵਨ ਲਈ ਨਵੀਂ ਸੋਚ ਅਤੇ ਨਵੀਆਂ ਲੀਹਾਂ ਪਾ ਗਈ। ਵਿਸ਼ਵ ਇਤਿਹਾਸ ਵਿਚੋਂ ਲੱਭਿਆਂ ਵੀ ਅਜਿਹੀ ਉਦਾਹਰਣ ਨਹੀਂ ਲਭਦੀ। ਛੋਟੇ ਸਾਹਿਬਜਾਦਿਆਂ ਦੀ ਸਰਹਿੰਦ ਦੀਆਂ ਨੀਹਾਂ ਵਿਚਲੀ ਸ਼ਹੀਦੀ ਨੇ ਮੁਗਲ ਹਕੂਮਤ ਦੀਆਂ ਧੁਰ ਨੀਹਾਂ ਹਿਲਾ ਦਿਤੀਆਂ। ਕੇਵਲ ਛੇ ਸਾਲਾਂ ਬਾਅਦ ਈ 1710 ਵਿਚ ਸਿੱਖ ਸੂਰਬੀਰ ਜਰਨੈਲ ਬੰਦਾ ਸਿੰਘ ਬਹਾਦਰ ਦੇ ਐਨ ਸਾਹਮਣੇ ਸੂਬਾ ਸਰਹੰਦ ਵਜੀਰ ਖਾਨ ਚੱਪੜਚਿੜੀ ਦੇ ਮੈਦਾਨ ਵਿਚ ਢਹਿ ਢੇਰੀ ਹੋ ਗਿਆ ਅਤੇ ਫਤਹਿ ਮਾਰਗ ਤੇ ਅੱਗੇ ਵਧਦਿਆਂ ਖਾਲਸਾ ਰਾਜ ਦੀ ਸਥਾਪਨਾ ਫਤਿਹਗੜ੍ਹ ਤੋਂ ਹੋਈ। ਪੋਹ ਦਾ ਮਹੀਨਾ ਸਾਡੇ ਸਾਰਿਆਂ ਲਈ ਸਵੈ ਮੰਥਨ ਅਤੇ ਗੰਭੀਰ ਸੋਚ ਦਾ ਮਹੀਨਾ ਹੈ। ਜਿਸ ਉਦੇਸ਼/ਮਕਸਦ ਲਈ ਇਹ ਸ਼ਹਾਦਤਾਂ ਦਿਤੀਆਂ ਸਨ ,ਕੀ ਅਸੀਂ ਉਸਦੀ ਰਾਖੀ ਕਰ ਰਹੇ ਹਾਂ ? ਜਾਬਰ ਅਤੇ ਅਨਿਆਈ ਹਕੂਮਤਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਕੀ ਅਸੀਂ ਹਮੇਸ਼ਾ ਤਿਆਰ-ਬਰ -ਤਿਆਰ ਰਹਿੰਦੇ ਹਾਂ ? ਕੋਈ ਵੀ ਕੌਮ ਆਪਣੀ ਵਿਰਾਸਤ ਨੂੰ ਮੁੱਲ ਨਹੀਂ ਖਰੀਦ ਸਕਦੀ। ਵਿਰਸਾ ਸਿਰਜਣ ਲਈ ਮਿਹਨਤ ਅਤੇ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ।ਪੰਜਾਬ ਦੀ ਧਰਤੀ ਦੇ ਜੋਧੇ ਹਮੇਸ਼ਾਂ ਲਤਾੜੇ ,ਗਰੀਬ ਅਤੇ ਕਮਜ਼ੋਰ ਵਰਗ ਦੀ ਪਿੱਠ ਤੇ ਆਣ ਖਲੋਂਦੇ ਹਨ। ਇਹ ਹੌਂਸਲਾ ਸਾਨੂੰ ਵਿਰਾਸਤੀ ਗੁੜਤੀ ’ਚ ਮਿਲਿਆ ਹੈ। ਪੋਹ ਦੇ ਮਹੀਨੇ ਜਿੱਥੇ ਅਸੀਂ ਅਸੀਮ ਸ਼ਰਧਾਵਾਨ ਬਣ ਕੇ ਫਤਹਿਗੜ੍ਹ ਸਾਹਿਬ ਸਹੀਦੀ ਸਭਾ ਵਿਚ ਹਾਜ਼ਰ ਹੁੰਦੇ ਆਂ, ਓਥੇ ਸਾਨੂੰ ਅੰਤਰਝਾਤ ਮਾਰ ਕੇ ਇਹ ਸੋਚਣ ਦਾ ਮੌਕਾ ਵੀ ਮਿਲਦਾ ਹੈ ਕਿ ਅਸੀਂ ਵਰਤਮਾਨ ਵਿਚ ਆਪਣੇ ਯਤਨਾਂ ਨਾਲ ਜਿਹੜਾ ਇਤਿਹਾਸ ਲਿਖ ਰਹੇ ਹਾਂ, ਕੀ ਆਉਣ ਵਾਲੀਆਂ ਪੀੜੀਆਂ ਸਾਡੇ ਤੇ ਫਖਰ ਕਰ ਪਾਉਣਗੀਆਂ ? ••



ਚਾਰ ਪੁੱਤ ਵਾਰੇ, ਪੰਜਵੀਂ ਮਾਂ ਵਾਰੀ,
ਛੇਵਾਂ ਬਾਪ ਵਾਰਿਆ, ਸੱਤਵਾਂ ਆਪ ਵਾਰਿਆ,
ਸੱਤ ਵਾਰ ਕੇ ਕਹਿਨਾ,
ਭਾਣਾ ਮੀਠਾ ਲਾਗੇ ਤੇਰਾ,
ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਊਗਾ ਤੇਰਾ...

## ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਧਾਮੀ ਨੂੰ ਪੰਜਾਬ ਮਹਿਲਾ ਕਮਿਸ਼ਨ ਨੇ ਤਲਬ ਕੀਤਾ, ਬੀਬੀ ਜਗੀਰ ਕੌਰ ਨੂੰ ਕੱਢੀ ਸੀ ਗਾਲ੍ਹ

**ਅੰਮ੍ਰਿਤਸਰ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਬਦਸਲੂਕੀ ਕਰਨ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਚਾਰ ਦਿਨਾਂ ਵਿੱਚ ਪੇਸ਼ ਹੋਣ ਲਈ ਕਿਹਾ ਹੈ। ਕਮਿਸ਼ਨ ਦੇ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਕਮਿਸ਼ਨ ਨੇ ਧਾਮੀ ਨੂੰ ਚਾਰ ਦਿਨਾਂ ਵਿੱਚ ਪੇਸ਼ ਹੋ ਕੇ ਮੁਆਫ਼ੀ ਮੰਗਣ ਲਈ ਕਿਹਾ ਹੈ। ਜਦੋਂ ਇਸ ਮਾਮਲੇ ਵਿੱਚ ਬੀਬੀ ਜਗੀਰ ਕੌਰ ਵੱਲੋਂ ਕੋਈ ਬਿਆਨ ਨਹੀਂ ਆਇਆ ਤਾਂ ਗਿੱਲ ਨੇ ਕਿਹਾ ਕਿ ਉਨ੍ਹਾਂ ਦੀਆਂ ਆਪਣੀਆਂ ਮੁਸ਼ਕਲਾਂ ਹੋ ਸਕਦੀਆਂ ਹਨ ਪਰ ਅਸੀਂ ਕੰਮ ਕਰਾਂਗੇ। ਦਰਅਸਲ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇੱਕ ਵਿਅਕਤੀ ਨਾਲ ਫ਼ੋਨ ’ਤੇ ਗੱਲਬਾਤ ਕਰਦਿਆਂ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਗਾਲ੍ਹਾਂ ਕੱਢੀਆਂ ਸਨ। ਫ਼ੋਨ ਸੁਣਨ ਵਾਲੇ ਵਿਅਕਤੀ ਨੇ ਧਾਮੀ ਦੀ ਰਿਕਾਰਡ ਕੀਤੀ ਤੇ ਆਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤੀ ਸੀ। ਇਸ ਤੋਂ ਬਾਅਦ ਧਾਮੀ ਦਾ ਸੋਸ਼ਲ ਮੀਡੀਆ ’ਤੇ ਭਾਰੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਅਤੇ ਉਹ ਮੁਆਫੀ ਮੰਗਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਗਏ। ਇਸ ਮੌਕੇ ਧਾਮੀ ਨੇ ਕਿਹਾ ਕਿ ਉਨ੍ਹਾਂ ਨੇ ਜਾਣੇ-ਅਣਜਾਣੇ ਵਿੱਚ ਬੀਬੀ ਜਗੀਰ ਕੌਰ ਨੂੰ ਅਪਮਾਨਜਨਕ ਸ਼ਬਦ ਬੋਲੇ ਹਨ, ਇਸ ਲਈ ਉਹ ਸਿੱਖ ਪੰਥ ਤੋਂ ਮੁਆਫੀ ਮੰਗਦੇ ਹਨ। ਇਸ ਗੁਨਾਹ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਨੂੰ ਜੋ ਵੀ ਸਜ਼ਾ ਦਿੱਤੀ ਜਾਵੇਗੀ, ਉਹ ਪ੍ਰਵਾਨ ਕਰੇਗਾ।

## ਸ਼ੰਭੂ ਬਾਰਡਰ ’ਤੇ ਵਿਗੜਿਆ ਮਾਹੌਲ

# ਕਿਸਾਨਾਂ ’ਤੇ ਦਾਗੇ ਗਏ ਹੰਝੂ ਗੈਸ ਦੇ ਗੋਲੇ, ਇੰਟਰਨੈੱਟ ਬੈਨ



**ਪਟਿਆਲਾ/ਹਰਿਆਣਾ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)-**ਦਿੱਲੀ ਵੱਲ ਕੂਚ ਕਰ ਰਹੇ ਕਿਸਾਨਾਂ ਨੂੰ ਲੈ ਕੇ ਸ਼ੰਭੂ ਬਾਰਡਰ ’ਤੇ ਮਾਹੌਲ ਕਾਫ਼ੀ ਗਰਮਾ ਗਿਆ ਗਿਆ ਹੈ। ਕਰੀਬ ਅੱਧੇ ਘੰਟੇ ਤੱਕ ਪੁਲਸ ਨਾਲ ਬਹਿਸ ਤੋਂ ਬਾਅਦ ਕਿਸਾਨਾਂ ਨੇ ਬੈਰੀਕੇਡਿੰਗ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਅਦ ਕਿਸਾਨਾਂ ਨੂੰ ਖਦੇੜਨ ਲਈ ਪੁਲਸ ਵੱਲੋਂ ਹੰਝੂ ਗੈਸ ਦੇ ਗੋਲੇ ਛੱਡਦੇ ਹੋਏ ਵਾਟਰ ਕੈਨਨ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੌਰਾਨ 9 ਕਿਸਾਨ ਜ਼ਖ਼ਮੀ ਹੋਏ ਹਨ। ਜ਼ਿਕਰਯੋਗ ਹੈ ਕਿ ਹਰਿਆਣਾ-ਪੰਜਾਬ ਦੇ ਸ਼ੰਭੂ ਬਾਰਡਰ ਤੋਂ 101 ਕਿਸਾਨ ਦੁਪਹਿਰ 12 ਵਜੇ ਦਿੱਲੀ ਲਈ ਰਵਾਨਾ ਹੋਏ। ਪੁਲਸ ਉਨ੍ਹਾਂ ਨੂੰ ਘੱਗਰ ਨਦੀ ’ਤੇ ਬਣੇ ਪੁਲ ’ਤੇ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਕਿਸਾਨਾਂ ਦਾ ਦੋਸ਼ ਹੈ ਕਿ ਪੁਲਸ ਰਾਕੇਟ ਲਾਂਚਰ ਨਾਲ ਬੰਬ-ਗੋਲ਼ੀਆਂ ਚਲਾ ਰਹੀ ਹੈ। ਘੱਗਰ ਨਦੀ ਦਾ ਗੰਦਾ ਪਾਣੀ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਮਾਰਚ ਦੇ ਮੱਦੇਨਜ਼ਰ ਹਰਿਆਣਾ ਸਰਕਾਰ ਨੇ ਅੰਬਾਲਾ ਜ਼ਿਲ੍ਹੇ ਦੇ 12 ਪਿੰਡਾਂ ਵਿਚ ਇੰਟਰਨੈੱਟ ਬੈਨ ਦੀ 18 ਦਸੰਬਰ ਤੱਕ ਮਿਆਦ ਵਧਾ ਦਿੱਤੀ ਹੈ। ਉਥੇ ਹੀ ਖਨੌਰੀ ਬਾਰਡਰ ’ਤੇ ਸੰਯੁਕਤ ਕਿਸਾਨ ਮੋਰਚਾ ਦੇ ਨੇਤਾ ਜਗਜੀਤ ਸਿੰਘ ਡੱਲੇਵਾਲ ਲਗਾਤਾਰ 19ਵੇਂ ਦਿਨ ਭੁੱਖ ਹੜਤਾਲ ’ਤੇ ਬੈਠੇ ਹੋਏ ਹਨ। ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਪੂਰਾ ਦੇਸ਼ ਚਿੰਤਾ ਵਿਚ ਹੈ ਪਰ ਦੇਸ਼ ਦੇ ਪ੍ਰਧਾਨ ਮੰਤਰੀ ਨਹੀਂ।

## ਪੰਜਾਬ ’ਚ ਰੂਹ ਕੰਬਾਊ ਘਟਨਾ, ਕੁੱਤਿਆਂ ਦੇ ਝੁੰਡ ਨੇ 65 ਸਾਲਾ ਔਰਤ ਨੂੰ ਘੜੀਸਿਆ

**ਜਲੰਧਰ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)-**ਜਲੰਧਰ ’ਚ ਇਕ ਬਹੁਤ ਹੀ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਬਜ਼ੁਰਗ ਔਰਤ ’ਤੇ ਕੁੱਤਿਆਂ ਨੇ ਹਮਲਾ ਕਰ ਦਿੱਤਾ। ਸ਼ਹਿਰ ਵਿਚ ਕੁੱਤਿਆਂ ਦਾ ਆਤੰਕ ਵਧਦਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨ 65 ਸਾਲਾ ਬਜ਼ੁਰਗ ਔਰਤ ਕੁੰਦਰ ਕੌਰ ਗੁਰਦੁਆਰਾ ਸਾਹਿਬ ਤੋਂ ਇਕੱਲੀ ਵਾਪਸ ਆ ਰਹੀ ਸੀ। ਇਸ ਦੌਰਾਨ ਕੁੱਤਿਆਂ ਦੇ ਇਕ ਝੁੰਡ ਨੇ ਔਰਤ ਨੂੰ ਚਾਰੋਂ ਪਾਸਿਓਂ ਘੇਰ ਲਿਆ ਅਤੇ ਉਸ ’ਤੇ ਹਮਲਾ ਕਰ ਦਿੱਤਾ। ਸਾਰੀ ਘਟਨਾ ਦੀ ਸੀ. ਸੀ. ਟੀ. ਵੀ. ਵੀ ਸਾਹਮਣੇ ਆਈ ਹੈ। ਇਹ ਘਟਨਾ ਸਤਿਗੁਰੂ ਕਬੀਰ ਚੌਂਕ ਨੇੜੇ ਸਥਿਤ



ਦੂਰਦਰਸ਼ਨ ਐਨਕਲੇਵ ਫੇਜ਼-2 ਨੇੜੇ ਵਾਪਰੀ। ਸੀ. ਸੀ. ਟੀ. ਵੀ. ’ਚ ਸਾਫ਼ ਵਿਖਾਈ ਦੇ ਰਿਹਾ ਹੈ ਕਿ ਕਿਵੇਂ 8 ਕੁੱਤਿਆਂ ਨੇ ਗੁਰਦੁਆਰਾ ਸਾਹਿਬ ਤੋਂ ਵਾਪਸ ਆ ਰਹੀ ਬਜ਼ੁਰਗ ਔਰਤ ਨੂੰ ਘੇਰ ਲਿਆ। ਇਸ ਤੋਂ ਬਾਅਦ ਕੁੱਤਿਆਂ ਨੇ ਔਰਤ ਨੂੰ ਹੇਠਾਂ ਸੁੱਟ ਦਿੱਤਾ ਅਤੇ 10 ਫੁੱਟ ਤੱਕ ਘੜੀਸਦੇ ਹੋਏ ਲੈ ਗਏ। ਇਸ ਦੌਰਾਨ ਕੁੱਤਿਆਂ ਨੇ 25 ਥਾਵਾਂ ’ਤੇ ਬਜ਼ੁਰਗ ਔਰਤ ਨੂੰ ਬੁਰੀ ਤਰ੍ਹਾਂ ਵੱਢਿਆ। ਇਸ ਦੌਰਾਨ ਔਰਤ ਦੇ ਸਿਰ ’ਤੇ ਗੰਭੀਰ ਸੱਟ ਲੱਗੀ ਹੈ, ਜਿਸ ਕਾਰਨ ਕਰੀਬ 12 ਟਾਂਕੇ ਲੱਗੇ ਹਨ। ਜਾਣਕਾਰੀ ਦਿੰਦੇ ਔਰਤ ਦੇ ਪਤੀ ਨੇ ਦੱਸਿਆ ਕਿ ਜਦੋਂ ਕੁੱਤੇ ਉਸ ਦੀ ਪਤਨੀ ਨੂੰ ਨੋਚ ਰਹੇ ਸਨ ਤਾਂ ਛੱਤ ’ਤੇ ਧੁੱਪ ’ਚ ਬੈਠੇ ਇਕ ਨੌਜਵਾਨ ਨੇ ਉਸ ਨੂੰ ਵੇਖਿਆ ਅਤੇ ਡੰਡਾ ਲੈ ਕੇ ਦੌੜਿਆ। ਇਸ ਦੌਰਾਨ ਕਈ ਹੋਰ ਵਿਅਕਤੀਆਂ ਨੇ ਡੰਡਿਆਂ ਦੀ ਮਦਦ ਨਾਲ ਕੁੱਤਿਆਂ ਨੂੰ ਪਿੱਛੇ ਹਟਾਇਆ ਅਤੇ ਖ਼ੂਨ ਨਾਲ ਲਥਪਥ ਬਜ਼ੁਰਗ ਔਰਤ ਨੂੰ ਘਰ ਪਹੁੰਚਾਇਆ। ਬਜ਼ੁਰਗ ਔਰਤ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਜਾਣਕਾਰੀ ਅਨੁਸਾਰ ਬਜ਼ੁਰਗ ਔਰਤ ਕੁੰਦਰ ਕੌਰ ਦਾ ਪਹਿਲਾਂ ਵੀ ਦੋ ਵਾਰ ਦਿਮਾਗ ਦਾ ਅਪਰੇਸ਼ਨ ਹੋ ਚੁੱਕਾ ਹੈ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।


★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**


## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਤੇਰੇ ਜਨ ਪਰਉਪਕਾਰੀ ਆਏ

ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ
100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

ਵਿਸ਼ੇਸ਼ ਸਹਿਯੋਗ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ



ਸ਼ਹੀਦੀ ਜੋੜ ਮੇਲਾ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ☛ ਜਨਮ ਦਿਵਸ ਸ਼੍ਰੋਮਣੀ ਭਗਤ ਸੈਣ ਜੀ ਪਿੰਡ ਸੋਹਲ ਅੰਮ੍ਰਿਤਸਰ ਸਾਹਿਬ ☛ ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰ ਸਿੱਖ ਪ੍ਰਵਾਰ ਭਾਈ ਅਮਰਜੀਤ ਸਿੰਘ ਅਤੇ ਭਾਈ ਪ੍ਰਭਜੀਤ ਸਿੰਘ ਦਿਉਲ ਵੱਲੋਂ ਲਈ ਗਈ ਹੈ।

**ਸ਼ਨੱਚਰਵਾਰ 14 ਦਸੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 15 ਦਸੰਬਰ 2024 ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ। ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਰਾਗੀ ਜਥਾ ਭਾਈ ਤਜਿੰਦਰ ਸਿੰਘ ਮਾਨਤੋਵਾ ਵਾਲੇ ਕੀਰਤਨ ਦੀ ਹਾਜ਼ਰੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778


ਨਗਰ ਜਨਸੂਆ ਅਤੇ ਹਲਕਾ ਨਿਵਾਸੀ ਸਾਧ ਸੰਗਤ ਵਲੋਂ
ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ
ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ
ਮਹਾਨ ਗੁਰਮਤਿ ਸਮਾਗਮ
21-22 ਦਿਸੰਬਰ 2024
ਦਿਨ ਸ਼ਨੀਵਾਰ ਅਤੇ ਐਤਵਾਰ
ਨਗਰ ਜਨਸੂਆ
ਜਿਲਾ ਅੰਬਾਲਾ
ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤਕ
ਸਿੰਘ ਸਾਹਿਬ ਗਿ. ਰਘਬੀਰ ਸਿੰਘ ਜੀ
ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ HSGMC
ਸਿੰਘ ਸਾਹਿਬ ਗਿ. ਰਣਜੀਤ ਸਿੰਘ ਜੀ
ਗਿ. ਪ੍ਰੇਮ ਸਿੰਘ ਜੀ
ਭਾਈ ਦਵਿੰਦਰ ਸਿੰਘ ਜੀ
ਪਰਮਪ੍ਰੀਤ ਸਿੰਘ ਜੀ
ਭਾਈ ਨਖਵਿੰਦਰ ਸਿੰਘ ਜੀ
ਗਿ. ਸੁਖਜਿੰਦਰ ਸਿੰਘ ਨੂਰ
ਭਾਈ ਜਤਿੰਦਰ ਸਿੰਘ ਨੂਰਪੁਰੀ
ਭਾਈ ਮਨਪ੍ਰੀਤ ਸਿੰਘ ਜੀ
ਭਾਈ ਗੁਰਮੇਲ ਸਿੰਘ ਜੀ


ਸ੍ਰੀ ਅਕਾਲ ਜੀ ਸਹਾਇ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ,
ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ
ਸ਼ਹੀਦੀ ਸਭਾ
24 ਅਤੇ 25 ਦਸੰਬਰ 2024 ਸਵੇਰੇ 9 ਵੱਜੇ ਤੋਂ
ਗੁ. ਸ੍ਰੀ ਮੰਜੀ ਸਾਹਿਬ (ਬਾਉਲੀ ਸਾਹਿਬ) ਅੰਬਾਲਾ ਸ਼ਹਿਰ
ਸਭਾ ਦੌਰਾਨ ਗੁਰੂ ਸਾਹਿਬ ਜੀ ਦੀ ਲਾਡਲੀਆਂ ਫੌਜ਼ਾ (ਬੱਚੇ ਅਤੇ ਬੱਚੀਆਂ) ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ ਜੀ
24 ਦਸੰਬਰ
ਤੀਰ ਅੰਦਾਜ਼ੀ ਅਤੇ ਸ਼ੂਟਿੰਗ
ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰਤੀਭਾਗੀ ਨੂੰ ਬੇਸਿਕ ਗਿਆਨ ਹੋਣਾ ਜ਼ਰੂਰੀ ਹੈ ਜੀ।
ਦਸਤਾਰ ਮੁਕਾਬਲਾ
ਦੁਮਾਲਾ ਮੁਕਾਬਲਾ
ਸਿੱਖ ਇਤਿਹਾਸਕ ਕਲਰਿੰਗ ਅਤੇ ਪੇਂਟਿੰਗ
(ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰਤੀਭਾਗੀ ਕਾਰਡ ਬੋਰਡ ਅਤੇ ਕਲਰ ਨਾਲ ਲੈ ਕੇ ਆਉਣ ਜੀ)
ਕਵਿਤਾ
ਵਿਸ਼ਾ : ਸ਼ਹੀਦੀ ਇਤਿਹਾਸ ਸਬੰਧਿਤ 3 ਤੋਂ 5 ਮਿੰਟ
ਖੋ-ਖੋ
(ਇਸ ਮੁਕਾਬਲੇ ਵਿਚ ਕੇਵਲ ਸੱਦਾ ਦਿਤੀ ਗਈ ਟੀਮ ਹੀ ਭਾਗ ਲੈ ਸਕਦੀ ਹੈ।)
ਰੱਸੀ ਟੱਪਣਾ
(ਕੇਵਲ ਲੜਕੀਆਂ 1 4ਸਾ ਲ ਤੱਕ)
ਟਰਾਈ ਸਾਇਕਲ ਰੇਸ
ਇਸ ਰੇਸ ਵਿੱਚ 7 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ।
ਧਿਮੀ ਸਾਇਕਲ ਰੇਸ
ਇਸ ਰੇਸ ਵਿੱਚ 10 ਤੋਂ 13 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ।
ਰੱਸਾ ਖਿਚਣਾ
15 ਸਾਲ ਤੱਕ ਦੀ 8 ਮੈਂਬਰੀ ਟੀਮ
25 ਦਸੰਬਰ
ਗੁਰਬਾਣੀ ਕੰਠ
ਬਾਣੀ : ਸਲੋਕ ਮਹਲਾ ਨੌਵਾਂ ਅਤੇ ਸ਼ਬਦ (ਨੌਵੇਂ ਪਾਤਸ਼ਾਹ)
5 ਤੋਂ 8 ਸਾਲ
ਪਹਿਲੇ 10 ਸ਼ਲੋਕ ਅਤੇ ਇਕ ਸ਼ਬਦ
9 ਤੋਂ 15 ਸਾਲ
ਪਹਿਲੇ 25 ਸ਼ਲੋਕ ਅਤੇ ਦੋ ਸ਼ਬਦ
16 ਤੋਂ 25 ਸਾਲ
57 ਸ਼ਲੋਕ, ਚਾਰ ਸ਼ਬਦ ਅਤੇ ਤ੍ਵ ਪ੍ਰਸਾਦਿ ਸਵੱਯੇ
ਅਵਾਰਡ ਚੰਗੇਰੇ ਮਾਪੇ
ਗਤਕਾ ਪ੍ਰਦਰਸ਼ਨ
(ਵਿਅਕਤੀਗਤ : ਫਾਇਟ ਫਰੀ-ਸੋਟੀ, ਡਬਲ ਕਿਰਪਾਨ ਅਤੇ ਚੱਕਰ)
ਅੰਬਾਲਾ ਗਤਕਾ ਅਕੈਡਮੀ
ਵਲੋਂ ਸ਼ਸਤ੍ਰ ਵਿਦਿਆ ਦਾ ਸਾਂਝਾ ਪ੍ਰਦਸ਼ਨ ਕਿਤਾ ਜਾਵੇਗਾ ਜੀ
ਸਿੱਖੀ ਸਰੂਪ ਮੇਰਾ ਅਸਲੀ ਰੂਪ
ਕਵੀਜ਼ ਮੁਕਾਬਲਾ
ਵਿਸ਼ਾ : ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਦੇ ਜੀਵਨ ਸਬੰਧਿਤ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ 7988264621, 8929111683, 9812032041, 7988513083, 9466408747, 7404112798
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੋਸਾਇਟੀ (ਰਜਿ.), ਅੰਬਾਲਾ ਸ਼ਹਿਰ
ਪ੍ਰਧਾਨ ਅਤੇ ਸਮੂਹ ਮੈਂਬਰਾਨ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਦਾਸਰੇ: ਮੈਨੇਜਰ
ਗੁ. ਮੰਜੀ (ਬਾਉਲੀ) ਸਾਹਿਬ, ਪਾ.੬ਵੀਂ, ੧੦ਵੀਂ
ਅੰਬਾਲਾ ਸ਼ਹਿਰ 0171-2446949
ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC
ਸ੍ਰ. ਸੁਦਰਸ਼ਨ ਸਿੰਘ ਅੰਬਾਲਾ
ਸੀਨੀਅਰ ਮੀਤ ਪ੍ਰਧਾਨ HSGMC
ਸ੍ਰ. ਤਰਵਿੰਦਰਪਾਲ ਸਿੰਘ ਅੰਬਾਲਾ
ਅੰਤ੍ਰਿੰਗ ਮੈਂਬਰ HSGMC
ਸ. ਹਰਪਾਲ ਸਿੰਘ ਕੰਬੋਜ
ਮੈਂਬਰ, HSGMC
ਸ. ਇੰਦਰਜੀਤ ਸਿੰਘ
ਮੈਂਬਰ, HSGMC
ਸ. ਰਜਿੰਦਰ ਸਿੰਘ
ਮੈਂਬਰ, HSGMC
ਕੈਪਟਨ ਦਿਲਬਾਗ ਸਿੰਘ
ਮੈਂਬਰ, HSGMC
ਜ. ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ, HSGMC



National Sahibzade Shaheedi Smagam
20th Annual Barsi of Baba Thakur Singh Jee Khalsa Bhindranwale
4 DAY MAHAAN GURMAT SMAGAM
SAT 21ST – TUES 24TH DECEMBER 2024
SRI GURU SINGH SABHA GURDWARA
2-8 PARK AVENUE, SOUTHALL, UB1 3AG
SAT 21ST DEC REHNSBHAI KIRTAN 8PM-5AM | SUN 22ND DEC AMRIT SANCHAAR 11:00AM | SUN 22ND DEC ARAMBH SRI AKHAND PATH SAHIB 4:00PM
BHOG SRI AKHAND PAATH SAHIB & MAHAAN SMAGAM
TUESDAY 24TH DEC 2024 - 3:00PM
DARSHAN OF GURU SAHIB'S SHASTAR & KAKAARS: THE BHAI ROOP CHAND JI COLLECTION
Sant Baba Anhad Raj Singh Ji Nanaksar Samrala Wale
Sant Baba Shinder Singh Ji Sabhrawa Wale
Sant Baba Bhagwan Singh Ji Rara Sahib - Begowal
Giani Navtej Singh Ji Damdami Taksal
Giani Daljit Singh Ji Damdami Taksal
Bhai Jaswinder Singh Ji Damdami Taksal
Dhadi Jatha Bhai Sukhninder Singh Ji Sabhrava
Giani Jaswinder Singh Ji Damdami Taksal
Bhai Ranjit Singh Ji Damdami Taksal
Bhai Maninder Singh Ji Damdami Taksal
Bhai Lehna Singh Ji Damdami Taksal
Bhai Santokh Singh Ji Jalandhar Wale
Bhai Mehtaab Singh Ji Jalandhar Wale
Bhai Avtar Singh Ji Maskeen
Bhai Harcharan Singh Ji Khalsa
Bhai Nirmal Singh Ji Nagpuri
Bhai Davinder Singh Ji Sodhi
Organised by: UK Sangat, Students of Damdami Taksal and Panthic Jathebandia
Giani Sohan Singh: 07877 017219 Giani Gurjinder Singh: 07400 830403 Bhai Harjit Singh: 07958 644655 Bhai Harjinder Singh: 07956 007161 Bhai Bhervinder Singh: 07985 246484




ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥
ਚਾਰ ਸਾਹਿਬਜਾਦੇ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਸਿੰਘਾਂ-ਸਿੰਘਣੀਆਂ ਦੀ ਯਾਦ ਨੂੰ ਸਮਰਪਿਤ
ਸਲਾਨਾ ਮਹਾਨ ਗੁਰਮਤਿ ਸਮਾਗਮ
ਮਿਤੀ 21, 22, 23 ਦਸੰਬਰ 2024
ਦਿਨ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ
(ਰੋਜ਼ਾਨਾ ਸ਼ਾਮ 4 ਵਜੇ ਤੋਂ ਰਾਤ 11 ਵਜੇ ਤੱਕ)
ਪਿੰਡ ਰਸੂਲਪੁਰ ਕਲਾਂ, ਅੱਡਾ ਭੱਠੂਆਣਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ
ਗਿਆਨੀ ਹਰਪ੍ਰੀਤ ਸਿੰਘ ਜੀ ਵਡਾਲਾ ਕਥਾਵਾਚਕ ਗੁ: ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ
ਬਾਬਾ ਚਰਨਜੀਤ ਸਿੰਘ ਜੱਸੋਵਾਲ ਕਥਾਵਾਚਕ
ਭਾਈ ਅਮਰਜੀਤ ਸਿੰਘ ਜੀ ਗਾਲਿਬ ਖੁਰਦ ਵਾਲੇ
ਭਾਈ ਸਿਮਰਨਜੀਤ ਸਿੰਘ ਜੀ ਪਰਵਾਨਾ ਕਵੀਸ਼ਰੀ ਜਥਾ
ਭਾਈ ਬਿੰਦਰ ਸਿੰਘ ਜੀ ਹਜ਼ੂਰੀ ਰਾਗੀ ਤਖਤ ਸ੍ਰੀ ਦਮਦਮਾ ਸਾਹਿਬ ਜੀ
ਬੀਬੀ ਬੇਅੰਤ ਕੌਰ ਜੀ ਖਾਲਸਾ ਢਾਡੀ ਜਥਾ
ਭਾਈ ਸੁਖਦੇਵ ਸਿੰਘ ਜੀ ਡੱਲਾ ਕਥਾਵਾਚਕ
ਭਾਈ ਗੁਰਸੇਵਕਜੀਤ ਸਿੰਘ ਜੀ ਕਲਾਨੌਰ ਵਾਲੇ ਢਾਡੀ ਜਥਾ
ਭਾਈ ਕੁਲਵਿੰਦਰ ਸਿੰਘ ਜੀ ਮਾਹਲ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਗਿ. ਗੁਰਕੀਰਤ ਸਿੰਘ ਜੀ (ਡਬਲ) M.A ਸ੍ਰੀ ਤਰਨ ਤਾਰਨ ਸਾਹਿਬ - ਕਵੀਸ਼ਰੀ ਜਥਾ
ਭਾਈ ਅੰਮ੍ਰਿਤਪਾਲ ਸਿੰਘ ਜੀ ਕੀਰਤਨੀ ਜਥਾ
ਭਾਈ ਇਛਪਾਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
LIVE ON Mannat TV
ਨੋਟ: ਗੁਰਬਾਣੀ ਸੁਣਾਉਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ।
ਸਰਬੱਤ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੋ ਅਤੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਵੱਲੋਂ: ਗੁਰਦੁਆਰਾ ਬਾਬਾ ਗੁਰਬਖਸ਼ ਸਾਹਿਬ ਜੀ, ਪਿੰਡ ਰਸੂਲਪੁਰ ਕਲਾਂ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ।
ਸੰਪਰਕ ਕਰੋ: 94640-25066, 98763-16195, 98145-51701
Amar Art Studio




### ਪੁਲਿਸ ਪ੍ਰਸ਼ਾਸਨ ਵੱਲੋਂ ਜਾਂਚ ਵਿੱਚ ਕਮੀ ਹੋਣ ’ਤੇ

# ਗਊ ਹੱਤਿਆ ਕਾਂਡ ਵਿੱਚ ਅਸੀਂ ਹਾਈ ਕੋਰਟ ਜਾਵਾਂਗੇ : ਐਡਵੋਕੇਟ ਸ਼ਿਖਾ ਖਰਬੰਦਾ

**ਚੌਕ ਮਹਿਤਾ, 14 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਨਾਤਨ ਧਰਮ ਸੁਰੱਖਿਆ ਪਰਿਸ਼ਦ ਦੇ ਲੀਗਲ ਸੈਲ ਦੀ ਐਕਸ਼ਨ ਕਮੇਟੀ ਦੀ ਬੈਠਕ ਜ਼ਿਲਾ ਪ੍ਰਧਾਨ ਐਡਵੋਕੇਟ ਸ਼ਿਖਾ ਖਰਬੰਦਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵਿਸ਼ੇਸ਼ ਰੂਪ ਵਿੱਚ ਰਾਸ਼ਟਰੀ ਪ੍ਰਧਾਨ ਗਊ ਸੇਵਕ ਪੰਡਿਤ ਅਵਨ ਕੁਮਾਰ ਪਾਰਾਸ਼ਰ ਨਿਸੁਲਕ ( ਗਊਕਥਾ ਵਾਚਕ ) ਹਾਜ਼ਰ ਹੋਏ। ਇਸ ਮੌਕੇ ਤੇ ਜਿਲਾ ਪ੍ਰਧਾਨ ਐਡਵੋਕੇਟ ਸ਼ਿਖਾ ਖਰਬੰਦਾ ਨੇ ਫਗਵਾੜਾ ਗਊਸ਼ਾਲਾ ਵਿੱਚ ਚਾਰੇ ਵਿੱਚ ਜਹਰੀਲਾ ਪਾਊਡਰ ਮਿਲਾਉਣ ਨਾਲ ਹੋਏ ਗੋ ਹੱਤਿਆ ਕਾਂਡ ਦੀ ਚਾਰ ਸੀਨੀਅਰ ਸਾਥੀਆਂ ਐਡਵੋਕੇਟ ਦੀ ਜਾਂਚ ਟੀਮ ਦੀ ਰਿਪੋਰਟ ਸਾਰਿਆਂ ਨਾਲ ਸਾਂਝਾ ਕੀਤੀ। ਰਾਸ਼ਟਰੀ ਪ੍ਰਧਾਨ ਗਊ ਸੇਵਕ ਪੰਡਿਤ ਅਵਨ ਕੁਮਾਰ ਪਾਰਾਸ਼ਰ ਨੇ ਇਸ ਮੌਕੇ ਤੇ ਹਾਜ਼ਰ ਸਾਰੇ ਐਡਵੋਕੇਟ ਸਾਥੀਆਂ ਨੇ ਇੱਕ ਆਵਾਜ਼ ਵਿੱਚ ਕਿਹਾ ਕਿ ਇਕ ਸੀਨੀਅਰ ਆਈ.ਪੀ.ਐਸ ਅਧਿਕਾਰੀ ਦੀ ਲੀਡਰਸ਼ਿਪ ਵਿੱਚ ਬਹੁਤ ਗਹਿਰਾਈ ਨਾਲ ਸਾਰੇ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਦੋਸ਼ੀਆਂ ਤੇ ਦੋਸ਼ੀਆਂ ਦੇ ਮਾਧਿਅਮ ਦੇ ਨਾਲ ਸਾਜਿਸ਼ ਕਰਨ ਵਾਲਿਆਂ ਨੂੰ ਹਰ ਹਾਲ ਵਿੱਚ ਬੇਨਕਾਬ ਕਰਕੇ ਉਹਨਾਂ ਨੂੰ ਸਖਤ ਤੋਂ ਸਖਤ ਸਜ਼ਾ ਦਿਲਵਾਣੀ ਚਾਹੀਦੀ ਹੈ। ਗਊ ਸੇਵਕ ਪੰਡਿਤ ਅਵਨ ਕੁਮਾਰ ਪਾਰਾਸ਼ਰ ਨੇ ਕਿਹਾ ਕਿ 2016 ਤੋਂ ਹੁਣ ਤੱਕ ਅਰਬਾਂ ਖਰਬਾਂ ਅਤੇ ਹਰ ਰੋਜ਼ ਕਰੋੜਾਂ ਰੁਪਏ ਦਾ ਕਾਉ ਸੈਸ ( ਗਊ ਟੈਕਸ ) ਦੇਣ ਤੇ ਵੀ ਨਾਂ ਤੇ ਸੜਕ ਤੋਂ ਗੋਵੰਸ਼ ਨੂੰ ਗੋਸ਼ਾਲਾ ਭਿਜਵਾਇਆ ਜਾ ਰਿਹਾ ਹੈ ਤੇ ਨਾ ਹੀ ਗਊਸ਼ਾਲਾਵਾਂ ਨੂੰ ਕਾਊ ਸੈਸ ( ਗਊ ਟੈਕਸ ) ਮਿਲ ਰਿਹਾ ਹੈ। ਗਊਸ਼ਾਲਾਵਾਂ ਦਾਨੀ ਸੱਜਣਾਂ ਦੇ ਸਹਿਯੋਗ ਦੇ ਨਾਲ ਕਿਸੇ ਤਰ੍ਹਾਂ ਗੋਵੰਸ਼ ਦੇ ਚਾਰੇ ,ਪਾਣੀ ਅਤੇ ਇਲਾਜ ਦਾ ਪ੍ਰਬੰਧ ਕਰਦੇ ਹਨ। ਪਰ ਸੜਕ ਤੇ ਗੋਵੰਸ਼ ਦੀ ਬਹੁਤ ਭਿਆਨਕ ਬੇਅਦਬੀ ਹੋ ਰਹੀ ਹੈ ਉਹ ਬੇਹਦ ਅਪਮਾਨ ਜਨਕ ਜੀਵਨ ਜੀਣ ਨੂੰ ਮਜਬੂਰ ਹਨ। ਸਾਰਾ ਸਾਰਾ ਦਿਨ ਭੁੱਖੇ ਪਿਆਸੇ ਬੀਮਾਰ ਅਤੇ ਜਖਮੀ ਹਾਲਤ ਵਿੱਚ ਦਰਦ ਦੇ ਨਾਲ ਵਿਲਖਦੇ ਹੋਏ ਉਹ ਆਪਣਾ ਸਮਾਂ ਬਿਤਾ ਰਹੇ ਹਨ। ਨਾ ਉਹਨਾਂ ਦੇ ਚਾਰੇ ਦਾ, ਨਾ ਹੀ ਸਾਫ ਪਾਣੀ ਦੀ ਦਾ ਕੋਈ ਪ੍ਰਬੰਧ ਹੈ ਨਾ ਹੀ ਉਹਨਾਂ ਦੇ ਇਲਾਜ ਦਾ ਕੋਈ ਹਸਪਤਾਲ ਬਣਿਆ ਹੈ ਸ਼ਵਾਸ ਛੱਡਣ ਤੇ ਅੰਤਿਮ ਕਿਰਿਆ ਵਿਧੀ ਵਿਧਾਨ ਨਾਲ ਹੋਵੇ ਇਸ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਕਸਾਈਆਂ ਵੱਲੋਂ ਆਏ ਦਿਨ ਬਿਆਨਕ ਹਤਿਆਕਾਂਡ ਹੋ ਰਹੇ ਹਨ। ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਲਾਡਲੀ 33 ਕੋਟੀ ਧਾਰਨ ਕਰਨ ਵਾਲੀ ( ਅੱਠ ਵਸੂ , 12 ਅਦਿਤਿ , 11 ਰੁਦਰ 2 ਅਸ਼ਵਨੀ ) ਗੋਮਾਤਾ ਜੀ ਅਤੇ ਭਗਵਾਨ ਭੋਲੇ ਨਾਥ ਜੀ ਦੀ ਸਵਾਰੀ ਨੰਦੀ ਮਹਾਰਾਜ ਜੀ ਦੀ ਬੇਅਦਬੀ ਅਤੇ ਉਹਨਾਂ ਤੇ ਅੱਤਿਆਚਾਰ ਹੁਣ ਸਨਾਤਨ ਸਮਾਜ



ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗਾ ਅਤੇ ਗਊ ਸੇਵਾ ਦੇ ਲੀਗਲ ਸੈਲ ਦੇ ਵੱਲੋਂ 115 ਸੀਨੀਅਰ ਐਡਵੋਕੇਟ ਮੈਂਬਰ ਐਡਵੋਕੇਟ ਸ਼ਿਖਾ ਖਰਬੰਦਾ ਜੀ ਦੀ ਪ੍ਰਧਾਨਗੀ ਵਿੱਚ ਕਾਨੂੰਨੀ ਪਹਿਲੂਆਂ ਉੱਤੇ ਮਜਬੂਤੀ ਦੇ ਨਾਲ ਲੜਾਈ ਲੜਨ ਨੂੰ ਤਿਆਰ ਹਨ। ਐਡਵੋਕੇਟ ਸ਼ਿਖਾ ਖਰਬੰਦਾ ਨੇ ਕਿਹਾ ਕਿ ਇਸ ਹੱਤਿਆ ਕਾਂਡ ਦੀ ਪੁਲਿਸ ਪ੍ਰਸ਼ਾਸਨ ਦੇ ਵੱਲੋਂ ਜਾਂਚ ਵਿੱਚ ਕਮੀ ਪਾਏ ਜਾਣ ਦੀ ਸੂਰਤ ਤੇ ਇਸ ਮਾਮਲੇ ਨੂੰ ਅਸੀਂ ਹਾਈਕੋਟ ਵਿੱਚ ਲੈ ਕੇ ਜਾਵਾਂਗੇ ਅਤੇ ਉਥੋਂ ਇਸ ਹੱਤਿਆਕਾਂਡ ਦੀ ਗੰਭੀਰਤਾ ਦੇ ਨਾਲ ਜਾਂਚ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਵਾਉਣ ਦੇ ਲਈ ਹਾਈ ਕੋਰਟ ਤੋਂ ਸੀ.ਬੀ.ਆਈ ਜਾਂਚ ਦੀ ਮੰਗ ਕਰਾਂਗੇ। ਇਸ ਮੌਕੇ ਤੇ ਹਾਜ਼ਰ ਸਾਰੇ ਐਡਵੋਕੇਟ ਸਾਥੀਆਂ ਨੇ ਇੱਕ ਆਵਾਜ਼ ਵਿੱਚ ਗਊ ਸਾਡੀ ਮਾਤਾ ਹੈ ਜਨਮ ਜਨਮ ਦਾ ਨਾਤਾ ਹੈ ਦੇ ਜੈਕਾਰਿਆਂ ਵਿੱਚ ਜ਼ਿਲਾ ਪ੍ਰਧਾਨ ਐਡਵੋਕੇਟ ਸ਼ਿਖਾ ਖਰਬੰਦਾ ਦੇ ਇਸ ਵਚਨ ਦਾ ਸਮਰਥਨ ਕੀਤਾ ਗਊ ਸੇਵਕ ਪੰਡਿਤ ਅਵਨ ਕੁਮਾਰ ਪਾਰਾਸ਼ਰ ਨੇ ਸਨਾਤਨ ਸਮਾਜ ਦੇ ਸਾਰੇ ਵਰਗਾਂ ਅਤੇ ਸਾਰੇ ਮੰਦਰ ਕਮੇਟੀਆਂ ਨੂੰ ਗੋ ਵੰਸ਼ ਦੀ ਸੇਵਾ ਸੁਰੱਖਿਆ ਅਤੇ ਸੰਮਾਨ ਦੇ ਲਈ ਅੱਗੇ ਆ ਕੇ ਮਿਲ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਤੇ ਐਡਵੋਕੇਟ ਸੰਜੇ ਭਾਰਗਵ ,ਐਡਵੋਕੇਟ ਅਸ਼ੋਕ ਭਗਤ, ਐਡਵੋਕੇਟ ਅਨੀਤਾ, ਐਡਵੋਕੇਟ ਅਨੁਰਾਧਾ, ਐਡਵੋਕੇਟ ਤਰੁਣ, ਐਡਵੋਕੇਟ ਸ਼ਾਮ ਸ਼ਰਮਾ, ਐਡਵੋਕੇਟ ਮਨਪ੍ਰੀਤ ਸ਼ਰਮਾ, ਐਡਵੋਕੇਟ ਮਨਪ੍ਰੀਤ ਸੋਹੀ, ਐਡਵੋਕੇਟ ਆਕਾਸ਼, ਐਡਵੋਕੇਟ ਬਨਦੀਪ ਸਿੰਘ, ਐਡਵੋਕੇਟ ਪਰਥ ਆਨੰਦ ਹਾਜ਼ਰ ਹੋਏ।

**ਸਨਾਤਨ ਸਮਾਜ ਦੇ ਸਾਰੇ ਵਰਗ ਅਤੇ ਸਾਰੇ ਮੰਦਰ ਕਮੇਟੀਆਂ ਗੋਵੰਸ਼ ਦੀ ਸੇਵਾ ਸੁਰੱਖਿਆ ਅਤੇ ਸੰਮਾਨ ਦੇ ਲਈ ਅੱਗੇ ਆਉਣ : ਗਊਸੇਵਕ ਪੰਡਿਤ ਅਵਨ ਕੁਮਾਰ ਪਾਰਾਸ਼ਰ**

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਲਈ 18 ਫ਼ੀਸਦੀ ਅਤੇ ਗੁਰੂ ਪੰਥ ਦੇ ਮੁਲਜ਼ਮਾਂ ਨੂੰ ਸਿਰਫ਼ 4 ਫ਼ੀਸਦੀ ਵਿਆਜ ? - ਪ੍ਰੋ. ਸਰਚਾਂਦ ਸਿੰਘ

**☛ ਅਕਾਲੀ ਦਲ ਨੇ ਆਪਣੇ ਨਿੱਜੀ ਹਿੱਤਾਂ ਲਈ ਇੱਕ ਵਾਰ ਫਿਰ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਨਾਲ ਛੇੜਛਾੜ ਤਾਂ ਨਹੀਂ ਕੀਤੀ। ☛ ਸੁਖਬੀਰ ਸਿੰਘ ਬਾਦਲ ਵੱਲੋਂ ਸੌਦਾ ਸਾਧ ਦੀ ਮੁਆਫ਼ੀ ਦੇ ਮੁੱਦੇ ’ਤੇ ਜਮਾ ਕਰਾਈ ਗਈ ਇਸ਼ਿਤਹਾਰਾਂ ਦੀ ਰਕਮ ’ਤੇ ਸਵਾਲ ਖੜ੍ਹੇ ਕਰਦਿਆਂ ਉੱਚ ਪੱਧਰੀ ਜਾਂਚ ਦੀ ਕੀਤੀ ਅਪੀਲ।**

**ਅੰਮ੍ਰਿਤਸਰ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਸਾਬਕਾ ਕਾਰਜਕਾਰੀ ਪ੍ਰਧਾਨ ਪ੍ਰੋ. ਸਰਚਾਂਦ ਸਿੰਘ ਖਿਆਲਾ ਜੋ ਕਿ ਪੰਜਾਬ ਭਾਜਪਾ ਦੇ ਬੁਲਾਰੇ ਵੀ ਹਨ, ਨੇ ਸੌਦਾ ਸਾਧ ਦੀ ਮੁਆਫ਼ੀ ਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਅਖ਼ਬਾਰਾਂ ਵਿਚ ਦਿੱਤੇ ਗਏ ਇਸ਼ਿਤਹਾਰਾਂ ਲਈ ਸੁਖਬੀਰ ਸਿੰਘ ਬਾਦਲ ਵੱਲੋਂ ਜਮਾ ਕਰਾਈ ਗਈ ਰਕਮ ’ਤੇ ਸਵਾਲ ਖੜੇ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਨਿੱਜੀ ਦਿਲਚਸਪੀ ਲੈਂਦਿਆਂ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਾਉਣ ਦੀ ਅਪੀਲ ਕੀਤੀ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕਿਹਾ ਕਿ ਅਕਾਲੀ ਦਲ ਨੇ ਆਪਣੇ ਨਿੱਜੀ ਹਿੱਤਾਂ ਲਈ ਇੱਕ ਵਾਰ ਫਿਰ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਨਾਲ ਛੇੜਛਾੜ ਤਾਂ ਨਹੀਂ ਕੀਤੀ ਹੈ ? ਡਿਊਟੀ ਦੌਰਾਨ ਕੋਈ ਕੁਤਾਹੀ ਜਾਂ ਗਲਤੀ ਹੋਣ ਦੀ ਸੂਰਤ ’ਚ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਮੁਲਾਜ਼ਮਾਂ ਤੋਂ ਤਾਂ 18 ਫ਼ੀਸਦੀ ਮਿਸ਼ਰਤ ਵਿਆਜ ਸਮੇਤ ਫੰਡਾਂ ਦੀ ਭਰਪਾਈ ਕਰਾਈ ਜਾਂਦੀ ਹੈ, ਪਰ ਸ੍ਰੀ ਗੁਰੂ ਰਾਮਦਾਸ ਜੀ ਦੇ ਖ਼ਜ਼ਾਨੇ ਦੀ ਦੁਰਵਰਤੋਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਫ਼ਰਦ ਜ਼ੁਲਮ ਸਾਬਤ ਹੋ ਚੁੱਕੇ ਗੁਰੂ ਪੰਥ ਦੇ ਮੁਲਜ਼ਮਾਂ ਤੋਂ ਕਿਸ ਨਿਯਮ ਅਤੇ ਕਿਸ ਦੇ ਕਹਿਣ ’ਤੇ ਕੇਵਲ ਬੱਚਤ ਖਾਤੇ ਵਾਲੇ 4 ਫ਼ੀਸਦੀ ਮਾਮੂਲੀ ਵਿਆਜ ਨਾਲ ਰਕਮ ਦੀ ਅਦਾਇਗੀ ਕਰਾਈ ਗਈ ਹੈ ? ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸੈਕਸ਼ਨ 85 ਦੇ ਗੁਰਦੁਆਰਾ ਇੰਸਪੈਕਟਰਾਂ ਤੋਂ ਇਲਾਵਾ ਫਲਾਇੰਗ ਵਿਭਾਗ ਵੱਲੋਂ ਕੀਤੀਆਂ ਜਾਂਦੀਆਂ ਪੜਤਾਲਾਂ ਵਿਚ ਕੋਈ ਵੀ ਮੁਲਾਜ਼ਮ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਤੋਂ ਆਮ ਤੌਰ ’ਤੇ 18 ਫ਼ੀਸਦੀ ਤਕ ਦੇ ਮਿਸ਼ਰਤ ਵਿਆਜ ਨਾਲ ਮਾਇਆ ਦੀ ਭਰਪਾਈ ਕਰਾਈ ਜਾਂਦੀ ਹੈ। ਪਰ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਮਾਮਲੇ ’ਚ ਉਨ੍ਹਾਂ ਵੱਲੋਂ ਗੁਰੂ ਕੇ ਖ਼ਜ਼ਾਨੇ ਦੀ ਅਯੋਗ ਇਸਤੇਮਾਲ ਕੀਤੇ ਜਾਣ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਸੰਗਤ ਵਿਚ ਜ਼ੁਲਮ ਕਬੂਲ ਕਰਨ ’ਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਸ਼ਿਤਹਾਰਾਂ ਦੀ ਬਣਦੀ ਰਕਮ ਵਿਆਜ ਸਮੇਤ ਸ੍ਰੀ ਦਰਬਾਰ ਸਾਹਿਬ ਦੇ ਖਾਤੇ ਜਮਾ ਕਰਾਉਣ ਦਾ ਆਦੇਸ਼ ਕੀਤਾ ਸੀ। ਉਨ੍ਹਾਂ ਬੱਚਤ ਖਾਤੇ ਵਾਲਾ ਵਿਆਜ ਲਗਾਉਣ’ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਰਕਮ ਬੈਂਕ ’ਚ ਜਮਾ ਨਹੀਂ ਕੀਤਾ ਗਿਆ, ਇਹ ਫ਼ਾਲਤੂ ਰਕਮ ਨਹੀਂ ਸੀ ਜਿਸ ਨੂੰ ਬੈਕ ਵਿਚ ਜਮਾ ਕੀਤਾ ਗਿਆ ਹੋਵੇ, ਸਗੋਂ ਇਸ਼ਿਤਹਾਰਾਂ ’ਤੇ ਖ਼ਰਚ ਕੀਤਾ ਗਿਆ ਸੀ। ਇਸ ਲਈ ਰਕਮ ਨੂੰ ਸੇਵਿੰਗ ਖਾਤੇ ’ਚ ਨਹੀਂ ਮੰਨਿਆ ਤੇ ਵਿਚਾਰਿਆ ਜਾ ਸਕਦਾ। ਲੰਮਾ ਸਮਾਂ ਰਕਮ ਦੀ ਵਰਤੋਂ ਹੋਣ ’ਤੇ ਬੈਂਕ ਵਿਆਜ ਦਰਾਂ ਨੂੰ ਵੀ ਬਦਲਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਦੇ ਖ਼ਜ਼ਾਨੇ ਵਿੱਚੋਂ 9 ਸਾਲ ਹੀ ਨਹੀਂ ਸਗੋਂ 9 ਸਾਲ 2 ਮਹੀਨਿਆਂ ਤੋਂ ਪੈਸੇ ਦੀ ਵਰਤੋਂ ਕੀਤੀ ਗਈ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇਕ ਲੰਮੇ ਸਮੇਂ ਤਕ ਪੈਸਾ ਬੈਂਕ ਵਿਚ ਪਿਆ ਹੋਣ’ਤੇ ਐਫ ਡੀ ਦਾ ਵਿਆਜ 7 ਫ਼ੀਸਦੀ ਤੋਂ ਵੱਧ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਸ ਹਿਸਾਬ ਨਾਲ ਇਸ਼ਿਤਹਾਰਾਂ ਦੀ ਰਕਮ ਦਾ 7 ਫ਼ੀਸਦੀ ਐਫ ਡੀ ਵਿਆਜ ਸਮੇਤ 1 ਕਰੋੜ 51 ਲੱਖ ਤੋਂ ਉਪਰ ਅਤੇ ਸ਼੍ਰੋਮਣੀ ਕਮੇਟੀ ਦੇ ਆਪਣੇ ਮੁਲਾਜ਼ਮਾਂ ਨੂੰ ਕਿਸੇ ਵੀ ਭਰਪਾਈ ਲਈ ਲਗਾਏ ਜਾਂਦੇ 18 ਫ਼ੀਸਦੀ ਸਾਲਾਨਾ ਮਿਸ਼ਰਤ ਵਿਆਜ ਅਨੁਸਾਰ ਵਿਆਜ ਕਰੀਬ 2 ਕਰੋੜ 90 ਲੱਖ ਅਤੇ ਕੁਲ ਰਕਮ 3 ਕਰੋੜ 71 ਲੱਖ ਤੋਂ ਵੱਧ ਬਣਦੀ ਹੈ। ਇਹ ਵੀ ਕਿਹਾ ਕਿ ਕਮੇਟੀ ਦੇ ਚੀਫ਼ ਅਕਾਊਂਟੈਂਟ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਤਲਬ ਹੋ ਚੁੱਕੇ ਸਾਬਕਾ ਅਕਾਲੀ ਆਗੂ ਦਾ ਭਰਾ ਹੈ, ਬਾਬੇ ਨਾਨਕ ਦੇ ਖ਼ਜ਼ਾਨੇ ਨਾਲ ਆਪਣੀ ਮਨ ਮਰਜ਼ੀ ਕਰਕੇ ਅਮਾਨਤ ’ਚ ਖ਼ਿਆਨਤ ਨਹੀਂ ਕਰ ਰਿਹਾ ਹੈ ?



ਆਵਾਜ਼ਿ ਕੌਮ AWAZE QAUM International Newspaper & WEB TV

# 7ਵੀਂ ਬਰਸੀ ਤੇ ਮਿੱਠੀ ਯਾਦ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

## ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

## 7ਵੀਂ ਬਰਸੀ ਤੇ ਮਿੱਠੀ ਯਾਦ ਵਿੱਚ

**ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ**

**ਸੁਖਮਨੀ ਸਾਹਿਬ ਜੀ ਦੇ ਪਾਠ**

**21 ਦਸੰਬਰ, 2024**

**(ਦਿਨ ਸ਼ਨਿੱਚਰਵਾਰ)**

**ਸਮਾਂ 2 ਤੋਂ 4 ਵਜੇ ਤੱਕ ਬਾਅਦ ਦੁਪਹਿਰ**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਸੱਤਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

*** ਪ੍ਰੋਗਰਾਮ *** ਬਾਅਦ ਦੁਪਹਿਰ 2 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਅਰੰਭ ਹੋਣਗੇ। ਗੁਰੂ ਘਰ ਦਾ ਕੀਰਤਨੀ ਜਥਾ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰੇਗਾ। ਉਪਰੰਤ ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ ਆਤਮਿਕ ਸਾਂਤੀ ਲਈ ਅਰਦਾਸ ਕੀਤੀ ਜਾਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ

--- ★ ਗੁਰਦੁਆਰਾ ਸਾਹਿਬ ਦਾ ਪਤਾ ★----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

-- ★ ਸਤਿਗੁਰੂ ਦੇ ਭਾਣੇ ਵਿੱਚ ★--

| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM International Newspaper & WEB TV





### ਇਤਿਹਾਸਕ ਕਸਬਾ ਹਠੂਰ ਦੇ ਸਿਵਲ ਹਸਪਤਾਲ ਦਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਕੀਤਾ ਦੌਰਾ

# ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ ਹਾਲਾਤਾਂ ਤੋਂ ਕਰਵਾਇਆ ਜਾਣੂੰ







ਹਠੂਰ/ ਜਗਰਾਉਂ - (ਵਰਿਆਮ ਹਠੂਰ)ਆਮ ਆਦਮੀ ਪਾਰਟੀ ਦੀ ਜਗਰਾਉਂ ਤੋਂ ਐੱਮ ਐੱਲ ਏ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਅੱਜ ਸਿਵਲ ਹਸਪਤਾਲ ਹਠੂਰ ਦਾ ਦੌਰਾ ਕੀਤਾ, ਤੇ ਜਿੱਥੇ ਡਾਕਟਰ ਅਤੇ ਹੋਰ ਸਟਾਫ਼ ਨਾਲ ਵਿਸ਼ੇਸ਼ ਗੱਲਬਾਤ ਕੀਤੀ, ਉੱਥੇ ਨਗਰ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਿਕਲਾਂ ਬਾਰੇ ਵੀ ਗੱਲਬਾਤ ਕੀਤੀ, ਸਰਪੰਚੀ ਦੀ ਚੋਣ ਲੜ ਚੁੱਕੇ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ ਨੇ ਹਸਪਤਾਲ ਦੇ ਮੌਜੂਦਾ ਹਾਲਾਤਾਂ ਬਾਰੇ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੂੰ ਜਾਣੂੰ ਕਰਵਾਇਆ, ਤੇ ਹਸਪਤਾਲ ਨੂੰ ਲੋੜੀਂਦੀਆਂ ਸਹੂਲਤਾਂ ਅਤੇ ਸਟਾਫ਼ ਦੀ ਘਾਟ ਬਾਰੇ ਬੀਬੀ ਮਾਣੂੰਕੇ ਨੇ ਕਿਹਾ ਕਿ ਉਹ ਸਬੰਧਤ ਮੰਤਰੀ ਸਾਹਿਬਾਨ ਨਾਲ ਇਸ ਸਬੰਧੀ ਗੱਲ ਕਰਨਗੇ, ਤੇ ਸੀ.ਐੱਚ.ਸੀ. ਹਠੂਰ ਨੂੰ ਵਧੀਆ ਢੰਗ ਨਾਲ ਚਲਵਾਉਣ ਲਈ ਉਹ ਆਪਣਾ ਬਣਦਾ ਅਹਿਮ ਰੋਲ ਅਦਾ ਕਰਨਗੇ। ਇਸ ਮੌਕੇ ਨਗਰ ਦੇ ਲੋਕਾਂ ਨੇ ਬੀਬੀ ਮਾਣੂੰਕੇ ਨੂੰ ਦੱਸਿਆ ਕਿ ਹਸਪਤਾਲ ਵਿੱਚ ਜੀਭ ਵਾਲੀਆਂ ਗੋਲੀਆਂ ਲੈਣ ਵਾਲਿਆਂ ਦੇ ਸਵੇਰ ਮੌਕੇ ਤੋਂ ਲੈ ਕੇ ਮੇਲਾ ਲੱਗਿਆ ਰਹਿੰਦਾ ਹੈ। ਤੇ ਅਨੇਕਾਂ ਅਨਸਰ ਗੋਲੀਆਂ ਲੈ ਕੇ ਵੀ ਹਸਪਤਾਲ ਦੀ ਚਾਰਦੀਵਾਰੀ ਅੰਦਰ ਬੈਠੇ ਰਹਿੰਦੇ ਹਨ, ਉਨ੍ਹਾਂ ਦਾ ਵੀ ਕਿਸੇ ਤਰੀਕੇ ਨਾਲ ਹੱਲ ਕੱਢਿਆ ਜਾਵੇ, ਇਹ ਨਾਲ ਆਮ ਦਵਾਈਆਂ ਲੈਣ ਵਾਲੇ ਮਰੀਜ਼ਾਂ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਨੇ ਕਿਹਾ ਕਿ ਸੀ.ਐੱਚ.ਸੀ. ਨੂੰ ਵਧੀਆ ਢੰਗ ਨਾਲ ਚਲਾਇਆ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਤੇ ਇੱਥੇ ਹੀ ਉਨ੍ਹਾਂ ਨੂੰ ਬਣਦੀਆਂ ਡਾਕਟਰੀ ਸਹੂਲਤਾਂ ਮਿਲ ਸਕਣ, ਤੇ ਮਰੀਜ਼ਾਂ ਨੂੰ ਅੱਗੇ ਰੈਫਰ ਕਰਨ ਦੀ ਸਮੱਸਿਆ ਨਾ ਆਵੇ, ਤੇ ਔਰਤਾਂ ਦੇ ਡਿਲੀਵਰੀ ਕੇਸਾਂ ਵਿੱਚ ਅਪ੍ਰੇਸ਼ਨ ਵਰਗੇ ਹਾਲਾਤਾਂ ਨੂੰ ਵੀ ਇੱਥੇ ਹੀ ਨਜਿੱਠਿਆ ਜਾਵੇ ਤੇ ਵਧੀਆ ਗਾਇਨੀ ਮਾਹਿਰ ਡਾਕਟਰ ਦਾ ਪ੍ਰਬੰਧ ਕੀਤਾ ਜਾਵੇ, ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਇਸ ਮੌਕੇ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਪੰਚ ਜਗਦੇਵ ਸਿੰਘ ਬੱਬੂ ਗਰੇਵਾਲ, ਪ੍ਰਮਿੰਦਰ ਸਿੰਘ ਪਿੱਲਾ ਹਠੂਰ, ਪ੍ਰਧਾਨ ਤਰਸੇਮ ਸਿੰਘ, ਹਰਪ੍ਰੀਤ ਸਿੰਘ ਖਾਲਸਾ, ਬੱਬੂ ਹਠੂਰ, ਪਾਲਾ ਹਠੂਰ, ਸਮੇਤ ਅਨੇਕਾਂ ਪਿੰਡ ਵਾਸੀ ਹਾਜ਼ਰ ਸਨ।

# ਕਾਂਗਰਸ ਪਾਰਟੀ ਦੇ ਰਾਜ ਦੌਰਾਨ ਸਿੱਖਾਂ ਦੇ ਗਲੇ ਵੱਢੇ ਗਏ: ਅਨੁਰਾਗ ਠਾਕੁਰ



ਨਵੀਂ ਦਿੱਲੀ 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਲੋਕ ਸਭਾ 'ਚ ਸੰਵਿਧਾਨ 'ਤੇ ਚੱਲ ਰਹੀ ਬਹਿਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਮੁੱਖ ਨੁਕਤੇ ਗਾਂਧੀ, ਕਬੀਰ, ਸ਼ਿਵ, ਵੇਦ ਪੁਰਾਣ ਅਤੇ ਗੁਰੂ ਨਾਨਕ ਦੇ ਵਿਚਾਰਾਂ ਤੋਂ ਲਏ ਗਏ ਹਨ। ਪਰ ਆਰਐੱਸਐੱਸ ਅਤੇ ਬੀਜੇਪੀ ਦੇ ਮੁੱਖ ਨੇਤਾ ਸਾਵਰਕਰ ਨੇ ਸੰਵਿਧਾਨ ਬਾਰੇ ਕਿਹਾ ਸੀ ਕਿ ਭਾਰਤੀ ਸੰਵਿਧਾਨ ਵਿੱਚ ਕੁਝ ਵੀ ਭਾਰਤੀ ਨਹੀਂ ਹੈ। ਭਾਜਪਾ ਆਗੂਆਂ ਨੂੰ ਸਵਾਲ ਪੁੱਛਦੇ ਹੋਏ ਰਾਹੁਲ ਨੇ ਕਿਹਾ ਕਿ ਅੱਜ ਇਹ ਸਹੀ ਹੈ ਕਿ ਭਾਜਪਾ ਸੰਵਿਧਾਨ ਨੂੰ ਬਚਾਉਣ ਦੀ ਗੱਲ ਕਰ ਰਹੀ ਹੈ। ਪਰ ਮੈਨੂੰ ਦੱਸੋ, ਕੀ ਉਹ ਆਪਣੇ ਨੇਤਾ ਦੇ ਸ਼ਬਦਾਂ ਨੂੰ ਨਹੀਂ ਸੁਣਦਾ ? ਰਾਹੁਲ ਨੇ ਮਨੂੰ ਸਮ੍ਰਿਤੀ ਦਿਖਾਉਂਦੇ ਹੋਏ ਕਿਹਾ ਕਿ ਸਾਵਰਕਰ ਇਸ ਨੂੰ ਚਲਾਉਣਾ ਚਾਹੁੰਦੇ ਸਨ। ਇਸ ਤੋਂ ਬਾਅਦ ਰਾਹੁਲ ਨੇ ਏਕਲਵਯ ਦੀ ਕਹਾਣੀ ਸੁਣਾ ਕੇ ਭਾਜਪਾ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦਰੋਣਾਚਾਰੀਆ ਨੇ ਏਕਲਵਯ ਦਾ ਅੰਗੂਠਾ ਕੱਟਿਆ ਸੀ, ਅੱਜ ਭਾਜਪਾ ਨੌਜਵਾਨਾਂ ਅਤੇ ਗਰੀਬਾਂ ਦਾ ਅੰਗੂਠਾ ਕੱਟ ਰਹੀ ਹੈ।

ਇਸੇ ਬਹਿਸ ਦੌਰਾਨ ਭਾਜਪਾ ਦੇ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਰਾਹੁਲ ਗਾਂਧੀ ਨੂੰ ਤਿੱਖਾ ਜਵਾਬ ਦਿੱਤਾ ਹੈ। ਠਾਕੁਰ ਨੇ ਕਿਹਾ ਕਿ ਰਾਹੁਲ ਗਾਂਧੀ ਲਗਾਤਾਰ ਸੰਵਿਧਾਨ ਦਿਖਾਉਂਦੇ ਰਹਿੰਦੇ ਹਨ ਪਰ ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ, ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਸੰਵਿਧਾਨ ਵਿੱਚ ਕਿੰਨੇ ਪੰਨੇ ਹਨ। ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ ਠਾਕੁਰ ਨੇ ਕਿਹਾ ਕਿ ਅੱਜ ਇਹ ਲੋਕ ਸੰਵਿਧਾਨ ਨੂੰ ਬਚਾਉਣ ਦੀ ਗੱਲ ਕਰਦੇ ਹਨ ਅਤੇ ਭਾਜਪਾ 'ਤੇ ਅੰਗੂਠੇ ਕੱਟਣ ਦੇ ਝੂਠੇ ਇਲਜ਼ਾਮ ਲਗਾਉਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਪਾਰਟੀ ਦੇ ਰਾਜ ਦੌਰਾਨ ਸਿੱਖਾਂ ਦੇ ਗਲੇ ਵੱਢੇ ਗਏ ਸਨ । ਇਹ ਕਾਂਗਰਸ ਪਾਰਟੀ ਹੀ ਸੀ ਜੋ ਦੇਸ਼ ਦੇ ਲੋਕਤੰਤਰ ਦਾ ਗਲਾ ਘੁੱਟ ਕੇ ਐਮਰਜੈਂਸੀ ਲਗਾ ਕੇ ਸੱਤਾ ਵਿਚ ਸੀ।

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ। - ਸਿਮਰਨਜੀਤ ਸਿੰਘ

## 21 ਦਸੰਬਰ



**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ 'ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••

## 22 ਦਸੰਬਰ



**ਆਨੰਦਪੁਰ** ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••

## 23 ਦਸੰਬਰ



**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••

## 24 ਦਸੰਬਰ



**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••

## 25 ਦਸੰਬਰ



**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਸਿ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••

## 26-27 ਦਸੰਬਰ



**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ 'ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।' ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••

## 28 ਦਸੰਬਰ



**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••

## 29 ਦਸੰਬਰ



**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ 'ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ AWAZE QAUM
International Newspaper & WEB TV

## 15 ਦਸੰਬਰ ਤੋਂ ਸ਼ੁਰੂ ਰਹੇ ਜੋੜ ਮੇਲ 'ਤੇ ਵਿਸ਼ੇਸ਼

# ਸ਼੍ਰੀ ਅਨੰਦਪੁਰ ਸਾਹਿਬ ਤੋਂ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਤੱਕ ਜੋੜ-ਮੇਲ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ 26 ਜੂਨ 1700 ਈ: ਨੂੰ ਲੜੀ । ਮੈਕਾਲਿਫ਼ ਦੇ ਹਵਾਲੇ ਅਨੁਸਾਰ ਸਿੱਖ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਪਹਾੜੀ ਰਾਜਿਆਂ ਨੇ 25 ਜੂਨ 1700 ਈ: ਨੂੰ ਅਨੰਦਪੁਰ ਸਾਹਿਬ ਉੱਤੇ ਹਮਲਾ ਕੀਤਾ ।ਹਮਲਾਵਰਾਂ ਵਿੱਚ ਕਹਿਲੂਰ, ਹੰਡੂਰ, ਮੰਡੀ, ਕੁੱਲੂ, ਜੰਮੂ, ਨੂਰਪੁਰ, ਗੁਲੇਰ, ਸ਼੍ਰੀ ਨਗਰ, ਚੰਬਾ, ਡਡਵਾਲ ਦੇ ਰਾਜੇ ਅਤੇ ਉਹਨਾਂ ਦੀਆਂ ਰਿਆਸਤੀ ਫ਼ੌਜਾਂ ਸ਼ਾਮਲ ਸਨ। ਇਤਿਹਾਸਕਾਰਾਂ ਨੇ ਅਜਮੇਰ ਚੰਦ ਕਹਿਲੂਰ ਅਤੇ ਰੂਪ ਚੰਦ ਹੰਡੂਰ ਦੇ ਨਾਂ ਪ੍ਰਮੁੱਖ ਤੌਰ ਤੇ ਲਿਖੇ ਹਨ ।

ਵਜ਼ੀਰ ਖਾਂ ਸੂਬੇਦਾਰ ਸਰਹਿੰਦ ਦੀ ਸਰਦਾਰੀ ਹੇਠ 22 ਜੇਠ ਬਿਕਰਮੀ ਸੰਮਤ 1761, ਸੰਨ 1704 ਈ: ਨੂੰ ਗੁਰੂ ਜੀ ਨੂੰ ਖ਼ਤਮ ਕਰਨ ਲਈ ਲੜਾਈ ਸ਼ੁਰੂ ਹੋ ਗਈ ।ਹਮਲਾਵਰਾਂ ਨੇ ਤਿੰਨ ਪਾਸਿਆਂ ਤੋਂ ਤੋਪਾਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਸਿੱਖਾਂ ਕੋਲ ਦੋ ਵੱਡੀਆਂ ਤੋਪਾਂ ਬਾਗਣ ਤੇ ਵਿਜੈ ਘੋਸ਼ ਸਨ। ਉਹਨਾਂ ਤਿੰਨਾਂ ਦਿਨਾਂ ਬਾਅਦ ਉਹ ਦਾਗਣੀਆਂ ਸ਼ੁਰੂ ਕਰ ਦਿੱਤੀਆਂ ।ਉਹਨਾਂ ਦੇ ਚੱਲਣ ਨਾਲ ਧਰਤੀ ਕੰਬ ਉੱਠੀ ।ਉਸ ਜ਼ਮਾਨੇ ਦੀਆਂ ਤੋਪਾਂ ਅੱਜ ਦੇ ਮੁਕਾਬਲੇ 'ਤੇ ਨੁਕਸਾਨ ਨਹੀਂ ਕਰ ਸਕਦੀਆਂ ਸਨ ।ਉਹਨਾਂ ਦਾ ਕੰਨ ਪਾੜਵਾਂ ਖੜਾਕ ਹੀ ਦੁਸ਼ਮਣ ਦੀਆਂ ਫ਼ੌਜਾਂ ਵਿੱਚ ਡਰ ਪੈਦਾ ਕਰਨ ਲਈ ਕਾਫ਼ੀ ਹੁੰਦਾ ਸੀ ।ਉਹਨਾਂ ਵੱਡੀਆਂ ਤੋਪਾਂ ਦਾ ਸ਼ੋਰ ਸੁਣ ਕੇ ਵੈਰੀਆਂ ਵਿੱਚ ਭਾਜੜ ਪੈ ਗਈ ।ਇੱਕ ਵਾਰ ਸਾਰੇ ਮੋਰਚਿਆਂ ਉੱਤੇ ਦੁਸ਼ਮਣ ਦੇ ਪੈਰ ਉੱਖੜ ਗਏ ।

ਗੁਰੂ ਮਹਾਰਾਜ ਦੇ ਸਾਂਝੇ ਭੰਡਾਰ ਵਿੱਚ ਜਿੰਨਾ ਕੁ ਅੰਨ ਸੀ, ਉਸੇ ਨਾਲ ਹੀ ਕੰਮ ਸਾਰਿਆ ਜਾ ਰਿਹਾ ਸੀ ।ਕੇਵਲ ਖ਼ਾਲਸਾ ਫ਼ੌਜ ਨੂੰ ਹੀ ਨਹੀਂ ਸਗੋਂ ਹੋਰ ਬਹੁਤ ਸਾਰੇ ਸ਼ਹਿਰੀ ਲੋਕਾਂ ਨੂੰ ਵੀ ਲੰਗਰ ਛਕਾਇਆ ਜਾਂਦਾ ਸੀ। ਸਿੰਘਾਂ ਨੇ ਤੰਗ ਆ ਕੇ ਵੈਰੀ ਉੱਤੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ।ਸੌ ਕੁ ਸਿੰਘਾਂ ਦਾ ਜੱਥਾ ਵੈਰੀਆਂ ਉੱਤੇ ਰਾਤ ਦੇ ਹਨੇਰੇ ਵਿੱਚ ਜਾ ਛਾਪਾ ਮਾਰਦਾ ।ਕੁਝ ਲੜ ਕੇ ਸ਼ਹੀਦ ਹੋ ਜਾਂਦੇ। ਕੁਝ ਵੈਰੀਆਂ ਨੂੰ ਸੋਧਾ (ਪਾਰ) ਲਾ ਆਉਂਦੇ ਅਤੇ ਉਹਨਾਂ ਦਾ ਸਮਾਨ ਲੁੱਟ ਕੇ ਵਾਪਸ ਆ ਜਾਂਦੇ ।ਪਰ ਇਹ ਤਰੀਕਾ ਬਹੁਤ ਜ਼ਿਆਦਾ ਦਿਨ ਕਾਮਯਾਬ ਨਾ ਹੋ ਸਕਿਆ ।ਭਾਵੇਂ ਸਿੰਘਾਂ ਨਾਲੋਂ ਦੁਸ਼ਮਣ ਕਈ ਗੁਣਾਂ ਵਧੇਰੇ ਮਾਰੇ ਜਾਂਦੇ, ਪਰ ਹਮਲਾਵਰਾਂ ਦੀ ਗਿਣਤੀ ਵਿੱਚ ਕੋਈ ਫ਼ਰਕ ਨਾ ਆਉਂਦਾ ।ਜਿੰਨੀ ਕੁ ਫ਼ੌਜ ਮਾਰੀ ਜਾਂਦੀ, ਉਸ ਤੋਂ ਦੋ ਗੁਣਾਂ ਬਾਹਰੋਂ ਆ ਜਾਂਦੀ ।ਸਿੰਘਾਂ ਦੀ ਗਿਣਤੀ ਦਿਨ-ਬ- ਦਿਨ ਘੱਟਦੀ ਗਈ ।ਬਾਹਰੋਂ ਹੋਰ ਸਿੰਘ ਆ ਨਹੀਂ ਸਕਦੇ ਸੀ। ਅੰਨ ਨਾਲੋਂ ਵੀ ਵੱਡਾ ਸੰਕਟ ਸਿੰਘਾਂ ਵਾਸਤੇ ਪਾਣੀ ਦਾ ਆ ਬਣਿਆ ।ਅਨੰਦਪੁਰ ਸਾਹਿਬ ਵਿਖੇ ਜਿਸ ਨਾਲੇ ਤੋਂ ਸਿੰਘਾਂ ਵਾਸਤੇ ਪਾਣੀ ਆਉਂਦਾ ਸੀ, ਉਸ ਉੱਤੇ ਵੈਰੀਆਂ ਨੇ ਕਬਜ਼ਾ ਕਰ ਲਿਆ ।ਦਿਨ-ਰਾਤ ਉਸ ਦੇ ਕੰਢਿਆਂ 'ਤੇ ਸਖ਼ਤ ਪਹਿਰਾ ਲਾ ਦਿੱਤਾ। ਸਿੰਘ ਜਥੇ ਬਣਾ ਕੇ ਜਾਂਦੇ, ਸਿੰਘਾਂ ਨੂੰ ਅੰਨ ਤੇ ਪਾਣੀ ਬਦਲੇ ਲੜਨਾ ਪੈ ਰਿਹਾ ਸੀ। ਇਸ ਤਰ੍ਹਾਂ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ ।

ਸ਼ਾਹੀ ਜਰਨੈਲਾਂ ਦੀ ਫ਼ੌਜ ਨੂੰ ਹਦਾਇਤ ਸੀ ਕਿ ਬਾਹਰੋਂ ਕੋਈ ਸਿੰਘ ਅੰਦਰ ਨਾ ਆਵੇ ਪਰ ਜੇ ਅੰਦਰੋਂ ਕੋਈ ਜਥਾ ਬਾਹਰ ਜਾਵੇ ਤਾਂ ਉਸ ਦਾ ਪਿੱਛਾ ਨਾ ਕੀਤਾ ਜਾਵੇ ।ਘੇਰਾ ਪਏ ਨੂੰ ਸੱਤ ਮਹੀਨੇ ਹੋ ਗਏ, ਗੱਲ ਕਿਸੇ ਤਣ- ਪੱਤਣ ਲੱਗਦੀ ਨਹੀਂ ਸੀ ਦਿਸਦੀ ।ਸ਼ਾਹੀ ਜਰਨੈਲ ਵੀ ਘਬਰਾ ਗਏ ।ਉਹਨਾਂ ਵਾਸਤੇ ਵੀ ਲੋੜੀਂਦੀਆਂ ਚੀਜ਼ਾਂ ਪੂਰੀਆਂ ਨਹੀਂ ਮਿਲ ਰਹੀਆਂ ਸਨ ।ਹਿੰਦੂ ਰਾਜਿਆਂ ਤੇ ਸ਼ਾਹੀ ਜਰਨੈਲਾਂ ਦੀਆਂ ਝੂਠੀਆਂ ਕਸਮਾਂ ਤੇ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ ।ਅਨੰਦਪੁਰ ਸਾਹਿਬ ਵਿਖੇ ਲੜਾਈ ਸਮੇਂ ਗੁਰੂ ਗੋਬਿੰਦ ਸਿੰਘ ਜੀ ਕੋਲ ਦਸ ਹਜ਼ਾਰ ਸਿੰਘ ਸਨ ।ਅਨੰਦਪੁਰ ਸਾਹਿਬ ਛੱਡਣ ਵੇਲੇ ਕੇਵਲ 500 ਸਿੰਘ ਰਹਿ ਗਏ ਸਨ ।

ਅਨੰਦਪੁਰ ਸਾਹਿਬ ਤੋਂ ਕੂਚ ਕਰਨ ਤੋਂ ਪਹਿਲਾਂ ਉਹਨਾਂ ਨੇ ਤੰਬੂਆਂ ਅਤੇ ਹੋਰ ਸੜਨ ਵਾਲੀਆਂ ਵਸਤੂ ਨੂੰ ਅੱਗ ਲਗਾ ਦਿੱਤੀ ।ਜੋ ਵਸਤੂਆਂ ਸਾੜੀਆਂ ਨਹੀਂ ਜਾ ਸਕਦੀਆਂ ਸਨ, ਉਹਨਾਂ ਨੂੰ ਜ਼ਮੀਨ ਵਿੱਚ ਦੱਬ ਦਿੱਤਾ ਗਿਆ ।ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੇ ਜਥੇ ਸਭ ਤੋਂ ਅੱਗੇ ਸਨ ।ਭਾਈ ਉਦੈ ਸਿੰਘ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਜਥੇ ਸਭ ਤੋਂ ਪਿੱਛੇ ਸਨ ।ਵਿਚਕਾਰ ਗੁਰੂ ਜੀ ਅਤੇ ਉਹਨਾਂ ਦਾ ਪਰਿਵਾਰ ਸੀ ।ਕੁਝ ਸਿੰਘ ਉਹਨਾਂ ਦੇ ਖੱਬੇ ਅਤੇ ਕੁਝ ਸੱਜੇ ਚੱਲ ਰਹੇ ਸਨ। ਸਰਸਾ ਨਦੀ ਤੋਂ ਕੁਝ ਕਿਲੋਮੀਟਰ ਪਹਿਲਾਂ ਹੀ ਸ਼ਾਹੀ ਫ਼ੌਜਾਂ ਨੇ ਆਪਣੀਆਂ ਸਾਰੀਆਂ ਕਸਮਾਂ, ਵਾਅਦੇ ਤੋੜ ਕੇ ਗੁਰੂ ਜੀ ਦੇ ਕਾਫ਼ਲੇ ਉੱਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਦਾ ਹੁਕਮ ਸੀ ਕਿ ਹਮਲਾਵਰਾਂ ਨੂੰ ਰੋਕਦਿਆਂ ਅੱਗੇ ਵੱਧਦੇ ਜਾਣਾ ਹੈ ।ਇਸ ਲਈ ਸਿੰਘ ਪਿਛਾਂਹ ਨੂੰ ਮੂੰਹ ਕਰਕੇ ਤੀਰ ਅਤੇ ਗੋਲੀਆਂ ਚਲਾਉਂਦੇ ਅੱਗੇ ਵੱਧਦੇ-ਵੱਧਦੇ ਸਰਸਾ ਨਦੀ ਦੇ ਕੰਢੇ ਤੱਕ ਪਹੁੰਚ ਗਏ ।ਬਾਰਸ਼ ਕਾਰਨ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ ।ਇੱਥੇ ਹੀ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਦਰਿਆ ਸਰਸਾ ਪਾਰ ਕਰਨ ਸਮੇਂ ਗੁਰੂ ਜੀ ਨਾਲ ਕੁੱਲ 44 ਸਿੰਘ ਸਨ।

1 ਪੋਹ ਤੋਂ 16 ਪੋਹ ਤੱਕ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਜੋੜ-ਮੇਲ (ਸ਼ਹੀਦੀ ਸਮਾਗਮ, ਸ਼ਹੀਦੀ ਸਭਾ) ਸਜਾਏ ਜਾਂਦੇ ਹਨ ।ਜੇਕਰ ਇਸ ਨੂੰ 'ਸ਼ਹੀਦੀ ਪੰਦਰਵਾੜਾ' ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗਾ ।ਇਹਨਾਂ ਜੋੜ-ਮੇਲ 'ਚ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਹਾਜ਼ਰੀਆਂ ਭਰਦੀਆਂ ਹਨ ।ਵਿਸ਼ੇਸ਼ ਧਾਰਮਿਕ ਦੀਵਾਨ, ਅੰਮ੍ਰਿਤ ਸੰਚਾਰ, ਨਗਰ-ਕੀਰਤਨ ਸਜਾਏ ਜਾਂਦੇ ਹਨ ।ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ ।ਜਿਨ੍ਹਾਂ-ਜਿਨ੍ਹਾਂ ਥਾਵਾਂ ਤੇ ਜੋੜ-ਮੇਲ/ ਸ਼ਹੀਦੀ ਸਮਾਗਮ ਹੁੰਦੇ ਹਨ, ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ :-ਇਹ ਗੁਰਦੁਆਰਾ ਰੋਪੜ ਤੋਂ 12 ਕਿਲੋਮੀਟਰ ਦੂਰ ਸਰਸਾ ਦੇ ਕੰਢੇ 'ਤੇ ਸਥਿਤ ਹੈ। ਇਹ ਉਹ ਥਾਂ ਹੈ ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ 5-6 ਦਸੰਬਰ 1705 ਈਸਵੀ ਨੂੰ ਸਰਸਾ ਨਦੀ ਪਾਰ ਕਰਦੇ ਸਮੇਂ ਗੁਰੂ ਸਾਹਿਬ ਅਤੇ ਪਰਿਵਾਰ ਵਿੱਛੜ ਗਏ ਸਨ ।ਸਰਸਾ ਨਦੀ ਪਾਰ ਕਰਦਿਆਂ ਵੀ ਸਿੱਖਾਂ ਦਾ ਕਾਫ਼ੀ ਨੁਕਸਾਨ ਹੋਇਆ ।ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਚਮਕੌਰ ਸਾਹਿਬ ਵੱਲ ਚਲੇ ਗਏ ।ਗੁਰੂ ਸਾਹਿਬ ਦੇ ਦੋ ਮਹੱਲ ਅਤੇ ਕੁਝ ਸਿੰਘ ਦਿੱਲੀ ਵੱਲ ਰਵਾਨਾ ਹੋਏ। ਜਦ ਕਿ ਗੁਰੂ ਸਾਹਿਬ ਦੇ ਬਿਰਧ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਰਸੋਈਏ ਨਾਲ ਮੋਰਿੰਡਾ ਪਿੰਡ ਵੱਲ ਤੁਰ ਪਏ ।

ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਪਾਤਸ਼ਾਹੀ ਦਸਵੀਂ ਚਾਰ ਮੰਜ਼ਿਲਾ




ਬਣਿਆ ਹੋਇਆ ਹੈ ।ਪ੍ਰਕਾਸ਼ ਅਸਥਾਨ ਧਰਤੀ ਤੋਂ 15 ਮੀਟਰ ਉੱਚਾ ਹੈ ।ਸੰਤ ਬਾਬਾ ਅਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ ਸੰਗਤਾਂ ਦੇ ਸਹਿਯੋਗ ਨਾਲ ਕੀਤਾ ।ਇਸ ਅਸਥਾਨ ਤੇ 29, 30 ਮੱਘਰ ਤੇ ਇੱਕ ਪੋਹ ਨੂੰ ਹਰ ਸਾਲ ਸਾਲਾਨਾ ਜੋੜ-ਮੇਲ ਲੱਗਦਾ ਹੈ।

**ਗੁਰਦੁਆਰਾ ਸ੍ਰੀ ਭੱਠਾ ਸਾਹਿਬ** :- ਗੁਰਦੁਆਰਾ ਸ੍ਰੀ ਭੱਠਾ ਸਾਹਿਬ ਨੂੰ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਸ ਅਸਥਾਨ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਚਾਰ ਵਾਰ ਆਏ । ਪਹਿਲੀ ਵਾਰ 1688 ਈ: ਨੂੰ ਭੰਗਾਣੀ ਦਾ ਯੁੱਧ ਜਿੱਤਣ ਪਿੱਛੋਂ, ਦੂਜੀ ਵਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ 1694 ਈ: ਨੂੰ ਨਿਹੰਗ ਖਾਂ ਦੇ ਪੁੱਤਰ ਆਲਮ ਖ਼ਾਂ ਦੀ ਮੰਗਣੀ 'ਤੇ, ਤੀਜੀ ਵਾਰ ਗੁਰੂ ਸਾਹਿਬ ਕੁਰੂਕਸ਼ੇਤਰ ਦੇ ਮੇਲੇ ਤੋਂ ਵਾਪਸ ਆਉਂਦਿਆਂ 1702 ਈ: 17 ਮੱਘਰ ਸੰਮਤ 1759 ਬਿਕਰਮੀ ਨੂੰ, ਚੌਥੀ ਵਾਰ 1704 ਈ: ਸੰਮਤ 1761 ਬਿਕਰਮੀ ਪੋਹ ਮਹੀਨੇ ਵਿੱਚ ਗੁਰੂ ਜੀ ਅਨੰਦਪੁਰ ਸਾਹਿਬ ਛੱਡਣ ਸਮੇਂ ਆਏ ।ਗੁਰੂ ਜੀ ਨੇ ਜ਼ਖ਼ਮੀ ਬਚਿੱਤਰ ਸਿੰਘ ਨੂੰ ਨਿਹੰਗ ਖਾਂ ਦੇ ਸਪੁਰਦ ਕਰਕੇ ਤੇ ਪਰਿਵਾਰ ਦੀ ਟਹਿਲ ਸੇਵਾ ਤੋਂ ਖੁਸ਼ ਹੋ ਕੇ ਤਿੰਨ ਸ਼ਸਤਰ ਸਿਰੀ ਸਾਹਿਬ, ਕਟਾਰ ਤੇ ਗੈਂਡੇ ਦੀ ਢਾਲ ਬਖ਼ਿਸ਼ਸ਼ ਕਰਕੇ ਚਮਕੌਰ ਸਾਹਿਬ ਚਲੇ ਗਏ ।ਢਾਲ, ਪਿੰਡ ਦਾ ਵਸਨੀਕ ਆਪਣੇ ਘਰ ਲੈ ਗਿਆ ਸੀ ਜੋ ਹੁਣ ਬਚਿੱਤਰ ਸਿੰਘ ਦੇ ਅਸਥਾਨ ਕੋਟਲਾ ਨਿਹੰਗ ਖਾਂ ਵਿੱਚ ਪਈ ਹੈ ।ਸਿਰੀ ਸਾਹਿਬ ਤੇ ਕਟਾਰ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਦੀ ਅਲਮਾਰੀ ਵਿੱਚ ਸੰਗਤਾਂ ਦੇ ਦਰਸ਼ਨਾਂ ਲਈ ਸੁਸ਼ੋਭਿਤ ਹਨ ।ਗੁਰਦੁਆਰਾ ਸ੍ਰੀ ਭੱਠਾ ਸਾਹਿਬ ਦਾ ਪ੍ਰਬੰਧ 1985 ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੱਥ ਵਿੱਚ ਲੈਂਦਿਆਂ ਸੇਵਾ ਸੰਤ ਬਾਬਾ ਹਰਬੰਸ ਸਿੰਘ ਜੀ ਕਾਰ- ਸੇਵਾ ਦਿੱਲੀ ਵਾਲਿਆਂ ਤੋਂ ਕਰਵਾਈ ।ਗੁਰਦੁਆਰਾ ਸ੍ਰੀ ਭੱਠਾ ਸਾਹਿਬ ਰੋਪੜ ਤੋਂ ਚੰਡੀਗੜ੍ਹ ਰੋਡ 'ਤੇ 2 ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਬੱਸ ਸਟੈਂਡ ਤੋਂ 1 ਕਿਲੋਮੀਟਰ ਦੀ ਦੂਰੀ ਤੇ ਹੈ। ਇਸ ਅਸਥਾਨ ਤੇ ਹਰ ਸਾਲ ਸਾਲਾਨਾ ਜੋੜ-ਮੇਲ 2, 3 ਤੇ 4 ਪੋਹ ਨੂੰ ਮਨਾਇਆ ਜਾਂਦਾ ਹੈ ।

ਆਵਾਜ਼ਿ ਕੌਮ
AWAZE QAUM
International Newspaper & WEB TV

**ਗੁਰਦੁਆਰਾ ਸ੍ਰੀ ਚਮਕੌਰ ਸਾਹਿਬ** :- ਇਹ ਅਸਥਾਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਸਿੱਧ ਤੇ ਇਤਿਹਾਸਕ ਰਣ- ਖੇਤਰ ਹੈ ।ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਆਪ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਤੇ 40 ਸਿੰਘਾਂ ਸਮੇਤ 7 ਪੋਹ ਸੰਮਤ 1761 ਬਿਕਰਮੀ ਨੂੰ ਸ੍ਰੀ ਚਮਕੌਰ ਸਾਹਿਬ ਪੁੱਜੇ ਸਨ ।ਚਮਕੌਰ ਦੀ ਗੜ੍ਹੀ ਦੇ ਮਾਲਕ ਰਾਏ ਜਗਤ ਸਿਹੁੰ ਕੋਲ ਗੁਰੂ ਸਾਹਿਬ ਨੇ ਪੰਜ ਸਿੰਘ ਭੇਜੇ, ਉਹ ਮੁਗ਼ਲ ਸੈਨਾ ਤੋਂ ਡਰ ਗਿਆ, ਉਸ ਨੇ ਨਿਵਾਸ ਦੇਣ ਤੋਂ ਮਨ੍ਹਾਂ ਨਹੀਂ ਕੀਤਾ ਪਰ ਟਾਲ-ਮਟੋਲ ਕਰ ਦਿੱਤਾ ।ਫਿਰ ਇੱਕ ਸਿੰਘ ਨੂੰ ਪੰਜ ਮੋਹਰਾਂ ਦੇ ਕੇ ਰਾਏ ਜਗਤ ਸਿਹੁੰ ਰਾਜਪੂਤ ਕੋਲ ਭੇਜਿਆ ਤਾਂ ਉਸ ਨੇ ਗੜ੍ਹੀ ਦੇਣ ਤੋਂ ਇਨਕਾਰ ਕਰ ਦਿੱਤਾ ।ਉਸ ਸਿੰਘ ਨੇ ਰਾਏ ਜਗਤ ਸਿਹੁੰ ਦੇ ਛੋਟੇ ਭਰਾ ਰੂਪ ਚੰਦ ਨੂੰ ਗੜ੍ਹੀ ਦੇਣ ਲਈ ਕਿਹਾ ।ਉਸ ਨੇ 50 ਮੋਹਰਾਂ ਲੈ ਕੇ ਗੜ੍ਹੀ 'ਚੋਂ ਆਪਣਾ ਹਿੱਸਾ ਦੇ ਦਿੱਤਾ ।ਗੁਰੂ ਸਾਹਿਬ ਨੇ ਸਾਹਿਬਜ਼ਾਦਿਆਂ ਤੇ 40 ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿੱਚ ਪ੍ਰਵੇਸ਼ ਕੀਤਾ ।ਗੁਰੂ ਜੀ ਨੇ ਅੱਠ-ਅੱਠ ਸਿੰਘਾਂ ਦੀ ਡਿਊਟੀ ਚਾਰ ਕੋਨਿਆਂ ਤੇ ਲਾਈ ਜਦਕਿ ਦੋ ਸਿੰਘਾਂ ਨੂੰ ਗੜ੍ਹੀ ਦੇ ਮੁੱਖ ਦਰਵਾਜ਼ੇ ਤੇ ਰੱਖਿਆ ਗਿਆ ।ਗੜ੍ਹੀ ਵਿੱਚ ਮੋਰਚਾਬੰਦੀ ਕਰਕੇ ਗੁਰੂ ਸਾਹਿਬ ਨੇ 40 ਸਿੰਘਾਂ ਸਮੇਤ ਲੱਖਾਂ ਵੈਰੀਆਂ ਨਾਲ ਟਾਕਰਾ ਕੀਤਾ ।ਇਤਿਹਾਸ ਵਿੱਚ ਜ਼ਿਕਰ ਹੈ ਕਿ 10 ਲੱਖ ਦੀ ਫ਼ੌਜ ਸੀ ਤੇ ਉਹਨਾਂ ਨਾਲ ਮੁਕਾਬਲਾ ਕਰਨ ਵਾਲੇ 40 ਸਿੰਘ ਸਨ। 8 ਪੋਹ ਨੂੰ ਸਾਰਾ ਦਿਨ ਘਮਾਸਾਣ ਦਾ ਜੰਗ ਹੋਇਆ ਜਿਸ ਵਿੱਚ ਮੁਗ਼ਲ ਸੈਨਾ ਦੇ 10 ਹਜ਼ਾਰ ਸਿਪਾਹੀ ਤੇ ਫ਼ੌਜਦਾਰ ਮਾਰੇ ਗਏ। ਜਦੋਂ ਸਿੰਘਾਂ ਕੋਲ ਤੀਰ ਅਤੇ ਗੋਲੀ ਸਿੱਕਾ ਖ਼ਤਮ ਹੋ ਗਿਆ ਤਾਂ ਸਿੰਘ ਗੜ੍ਹੀ ਵਿੱਚੋਂ ਬਾਹਰ ਆ ਕੇ ਹੱਥੋ-ਹੱਥ ਲੜਾਈ ਦੇ ਅਜਿਹੇ ਦੋ ਜੱਥਿਆਂ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ (16 ਸਾਲ) ਅਤੇ ਸਾਹਿਬਜ਼ਾਦਾ ਜੁਝਾਰ ਸਿੰਘ (14 ਸਾਲ) ਨੇ ਕੀਤੀ ।ਸਾਹਿਬਜ਼ਾਦਿਆਂ ਨੇ ਸੂਰਬੀਰਤਾ ਦੇ ਜ਼ੋਰ ਦਿਖਾਉਂਦਿਆਂ, ਦੁਸ਼ਮਣਾਂ ਦੇ ਆਹੂ ਲਾਉਂਦਿਆਂ ਹੋਇਆਂ ਧਰਮ-ਯੁੱਧ ਕਰਦੇ ਹੋਏ ਮੈਦਾਨੇ-ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਗੜ੍ਹੀ ਵਿੱਚ ਪੰਜ ਸਿੰਘਾਂ ਸਮੇਤ ਰਹਿ ਗਏ ।ਪੰਜਾਂ ਨੇ ਗੁਰੂ ਸਾਹਿਬ ਨੂੰ ਹੁਕਮ ਕੀਤਾ ਕਿ ਉਹ ਗੜ੍ਹੀ 'ਚੋਂ ਬਾਹਰ ਚਲੇ ਜਾਣ ।ਪੰਜਾਂ ਦਾ ਹੁਕਮ ਮੰਨ ਕੇ ਗੁਰੂ ਸਾਹਿਬ ਨੇ ਆਪਣੀ ਕਲਗ਼ੀ ਭਾਈ ਸੰਗਤ ਸਿੰਘ ਦੇ ਸਿਰ ਤੇ ਸਜਾਈ ਜਿਸ ਦੀ ਸ਼ਕਲ-ਸੂਰਤ ਗੁਰੂ ਸਾਹਿਬ ਨਾਲ ਮਿਲਦੀ -ਜੁਲਦੀ ਸੀ । ਗੜ੍ਹੀ ਦੀ ਕਮਾਨ ਸਿੰਘਾਂ ਦੇ ਸਪੁਰਦ ਕਰਕੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਸਮੇਤ ਫਤਿਹ ਗਜਾ ਕੇ, ਤਾੜੀ ਮਾਰ ਕੇ (ਜਿੱਥੇ ਗੁਰਦੁਆਰਾ ਸ੍ਰੀ ਤਾੜੀ ਸਾਹਿਬ ਸ਼ਸ਼ੋਭਿਤ ਹੈ) ਆਖਿਆ, ਦੇਖੋ !ਹਿੰਦ ਦਾ ਪੀਰ ਜਾ ਰਿਹਾ ਹੈ ।ਇਹਨਾਂ ਆਵਾਜ਼ਾਂ ਨੇ ਦੁਸ਼ਮਣ ਨੂੰ ਭੁਲੇਖੇ ਵਿੱਚ ਪਾ ਦਿੱਤਾ, ਇੰਜ ਗੁਰੂ ਸਾਹਿਬ ਮੁਗ਼ਲ ਸੈਨਾ ਦੇ ਘੇਰੇ ਨੂੰ ਚੀਰ ਕੇ ਨਿਕਲ ਗਏ ।

ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਰਣਜੀਤਗੜ੍ਹ ਸਾਹਿਬ, ਗੁਰਦੁਆਰਾ ਤਾੜੀ ਸਾਹਿਬ, ਗੁਰਦੁਆਰਾ ਸ਼ਹੀਦ ਬੁਰਜ ਭਾਈ ਜੀਵਨ ਸਿੰਘ ਦਰਸ਼ਨ ਕਰਨਯੋਗ ਹਨ ।ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਵਿਖੇ ਸਾਲਾਨਾ ਸ਼ਹੀਦੀ ਜੋੜ-ਮੇਲ 6, 7 ਤੇ 8 ਪੋਹ ਨੂੰ ਲੱਗਦਾ ਹੈ ਜਿਸ ਵਿੱਚ ਲੱਖਾਂ ਸ਼ਰਧਾਲੂ ਆ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ ।

**ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ** :-ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਉਹ ਪਵਿੱਤਰ ਅਸਥਾਨ ਹੈ ਜਿੱਥੇ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿੱਚ ਆਪਣੇ ਦੋਵੇਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਨੂੰ ਮੁਗ਼ਲ ਫ਼ੌਜਾਂ ਨਾਲ ਜੂਝਦਿਆਂ ਛੱਡ ਕੇ 8 ਪੋਹ ਸੰਮਤ 1761 ਬਿਕਰਮੀ, ਸੰਨ 1704 ਈ: ਦੀ ਰਾਤ ਨੂੰ ਨੰਗੇ ਪੈਰੀਂ, ਲਹੂ-ਲੁਹਾਨ, ਫਟੇ ਬਸਤਰ, ਪੈਰਾਂ ਵਿੱਚ ਛਾਲੇ, ਸਿਰ ਉੱਤੇ ਤਾਜ ਨਹੀਂ, ਹੱਥ ਵਿੱਚ ਬਾਜ਼ ਨਹੀਂ, ਕੰਡਿਆਲੇ ਅਤੇ ਬਿਖਮ ਪੈਂਡੇ ਤੋਂ ਹੁੰਦੇ ਹੋਏ ਇੱਥੇ ਪਹੁੰਚੇ ਸਨ ।ਗੁਲਾਬੇ ਖੱਤਰੀ ਦੇ ਬਾਗ਼ ਵਿੱਚ ਖੂਹ ਤੋਂ ਜਲ ਛਕਣ ਉਪਰੰਤ ਖੂਹ ਤੋਂ 70 ਗਜ਼ ਦੀ ਦੂਰੀ 'ਤੇ ਸਥਿਤ ਜੰਡ ਦੇ ਦਰਖ਼ਤ ਹੇਠ ਟਿੰਡ ਦਾ ਸਰਾਣਾ ਬਣਾ ਕੇ, ਹੱਥ ਵਿੱਚ ਨੰਗੀ ਸ਼ਮਸ਼ੀਰ (ਕਿਰਪਾਨ) ਫੜ ਕੇ ਵਿਸ਼ਰਾਮ ਕਰਨ ਲੱਗ ਪਏ ।ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਹਨ, ਜਾਨ ਤੋਂ ਪਿਆਰੇ ਸਿੰਘ ਵਿੱਛੜ ਗਏ, ਇੰਨਾ ਕੁਝ ਹੋਣ ਤੇ ਵੀ ਗੁਰੂ ਜੀ ਦਾ ਸਿਦਕ ਨਹੀਂ ਡੋਲਿਆ ਸਗੋਂ ਅਕਾਲ ਪੁਰਖ ਨੂੰ ਸੰਬੋਧਿਤ ਹੁੰਦਿਆਂ "ਮਿਤ੍ਰ ਪਿਆਰੇ ਨੂੰ ਹਾਲ-- ------------ ਖੇੜਿਆਂ ਦਾ ਰਹਿਣਾ" ਸ਼ਬਦਾਂ ਨਾਲ ਯਾਦ ਕੀਤਾ। ਇੱਥੇ ਹੀ ਅੰਮ੍ਰਿਤ ਵੇਲੇ ਚਮਕੌਰ ਦੇ ਘੇਰੇ ਵਿੱਚੋਂ ਨਿਕਲ ਕੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਇੱਕ ਸਿੱਖ ਭਾਈ ਮਾਨ ਸਿੰਘ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਤਾਰਿਆਂ ਦੀ ਸੇਧ ਵਿੱਚ ਪਹੁੰਚੇ ।ਗੁਰੂ ਸਾਹਿਬ ਵੱਲੋਂ ਪੜ੍ਹੇ ਜਾ ਰਹੇ ਸ਼ਬਦ ਨੂੰ ਸੁਣ ਕੇ ਫੁੱਟ-ਫੁੱਟ ਰੋ ਪਏ ।ਗੁਰੂ ਜੀ ਨੇ ਸਿੰਘਾਂ ਨੂੰ ਬੜੇ ਪਿਆਰ ਨਾਲ ਹੌਂਸਲਾ ਦਿੱਤਾ। ਗੁਰੂ ਜੀ ਅਤੇ ਸਿੰਘਾਂ ਨੇ ਖੂਹ ਦੇ ਜਲ ਨਾਲ ਇਸ਼ਨਾਨ ਕਰਨ ਉਪਰੰਤ ਨਿੱਤਨੇਮ ਕੀਤਾ ।ਉਸ ਸਮੇਂ ਨੇੜੇ ਬਾਗ਼ ਦਾ ਰਾਖਾ ਆ ਗਿਆ ।ਉਸ ਨੇ ਬਾਗ਼ ਦੇ ਮਾਲਕ ਤੇ ਗੁਰੂ ਜੀ ਦੇ ਦੋ ਸ਼ਰਧਾਲੂ ਭਰਾਵਾਂ ਗੁਲਾਬੇ ਤੇ ਪੰਜਾਬੇ ਨੂੰ ਜਾ ਦੱਸਿਆ ।

ਭਾਈ ਗੁਲਾਬੇ ਤੇ ਪੰਜਾਬੇ ਨੇ ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਸਤਿਕਾਰ ਨਾਲ ਉਹਨਾਂ ਨੂੰ ਘਰ ਲਿਆ ਕੇ ਪਹਿਲਾਂ ਇਸ਼ਨਾਨ ਕਰਵਾਇਆ ਅਤੇ ਫਿਰ ਜ਼ਖ਼ਮਾਂ ਉੱਤੇ ਮਲ੍ਹਮ ਲਗਾਈ ।ਘੋੜਿਆਂ ਦੇ ਵਪਾਰੀ ਗਨੀ ਖਾਂ ਨਬੀ ਖਾਂ ਨੂੰ ਜਦੋਂ ਗੁਰੂ ਸਾਹਿਬ ਦੀ ਆਮਦ ਦਾ ਪਤਾ ਲੱਗਿਆ ਤਾਂ ਉਹ ਗੁਰੂ ਜੀ ਨੂੰ ਭਾਈ ਗੁਲਾਬੇ ਅਤੇ ਪੰਜਾਬੇ ਦੇ ਘਰੋਂ ਆਪਣੇ ਘਰ ਲੈ ਗਏ ।ਦੋਵਾਂ ਭਰਾਵਾਂ ਨੇ ਬੜੀ ਸ਼ਰਧਾ ਨਾਲ ਗੁਰੂ ਜੀ ਦੀ ਸੇਵਾ ਕੀਤੀ ।ਭਾਈ ਗਨੀ ਖ਼ਾਂ ਨਬੀ ਖ਼ਾਂ ਦੇ ਘਰ ਬੈਠ ਕੇ ਸਾਰਿਆਂ ਨੇ ਗੁਰੂ ਸਾਹਿਬ ਨੇ ਮੁਗ਼ਲਾਂ ਦੀ ਫ਼ੌਜ ਦੇ ਘੇਰੇ ਵਿੱਚੋਂ ਕੱਢਣ ਦੀ ਵਿਉਂਤ ਬਣਾਈ ।ਇੱਥੇ ਹੀ ਗੁਰੂ ਜੀ ਨੇ ਮਾਤਾ ਹਰਦੇਈ ਨੂੰ ਦਰਸ਼ਨ ਦਿੱਤੇ ਅਤੇ ਮਾਤਾ ਜੀ ਵੱਲੋਂ ਬੜੀ ਸ਼ਰਧਾ ਅਤੇ ਪਿਆਰ ਨਾਲ ਤਿਆਰ ਕੀਤੀ ਖੱਦਰ ਦੀ ਪੋਸ਼ਾਕ (ਚੋਲਾ) ਗ੍ਰਹਿਣ ਕਰਨ ਉਪਰੰਤ ਲਲਾਰੀ ਕੋਲੋਂ ਨੀਲੇ ਰੰਗ ਵਿੱਚ ਰੰਗਵਾਇਆ।

ਇਸ ਪਵਿੱਤਰ ਅਸਥਾਨ ਤੇ ਗੁਰੂ ਸਾਹਿਬ ਨੇ ਦੋ ਦਿਨ ਤੇ ਦੋ ਰਾਤਾਂ ਆਰਾਮ ਕੀਤਾ ।ਦਸਮੇਸ਼ ਪਿਤਾ ਜੀ ਵੱਲੋਂ ਬਖ਼ਿਸ਼ਸ਼ ਹੁਕਮਨਾਮਾ ਅੱਜ ਵੀ ਗਨੀ ਖਾਂ ਅਤੇ ਨਬੀ ਖਾਂ ਦੀ ਨੌਵੀਂ ਪੀੜ੍ਹੀ ਕੋਲ ਅਦਬ ਸਤਿਕਾਰ ਨਾਲ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿੱਚ ਸੰਭਾਲਿਆ ਹੋਇਆ ਹੈ । ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਅੱਜ ਵੀ ਉਹ ਇਤਿਹਾਸਕ ਖੂਹ ਅਤੇ ਜੰਡ ਮੌਜੂਦ ਹਨ ।ਗੁਰੂ ਸਾਹਿਬ ਦਾ ਹੱਥ ਲਿਖਤ ਹੁਕਮਨਾਮਾ ਵੀ ਇੱਥੇ ਮੌਜੂਦ ਹੈ।ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ, ਸਮਰਾਲਾ-ਮਾਛੀਵਾੜਾ ਲਿੰਕ ਸੜਕ ਤੇ ਲੁਧਿਆਣਾ ਤੋਂ 38 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ।ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਵਿਖੇ ਸਾਲਾਨਾ ਸਭਾ 8, 9 ਤੇ 10 ਪੋਹ ਨੂੰ ਮਨਾਈ ਜਾਂਦੀ ਹੈ ।8 ਪੋਹ ਨੂੰ ਅਖੰਡ-ਪਾਠ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 10 ਪੋਹ ਨੂੰ ਪਾਏ ਜਾਣਗੇ ।9 ਪੋਹ ਨੂੰ ਸਵੇਰੇ 11 ਵਜੇ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਹੋਵੇਗਾ। 9 ਪੋਹ ਨੂੰ ਸਵੇਰੇ 10 ਵਜੇ ਤੋਂ 10 ਪੋਹ ਦੀ ਦੁਪਹਿਰ ਤੱਕ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਜਾਣਗੇ। 10 ਪੋਹ ਨੂੰ ਸਵੇਰੇ 10 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਲੌਕਿਕ ਨਗਰ-ਕੀਰਤਨ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਤੋਂ ਆਰੰਭ ਹੋ ਕੇ ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ, ਗੁਰਦੁਆਰਾ ਗਨੀ ਖਾਂ ਨਬੀ ਖਾਂ, ਗੁਰਦੁਆਰਾ ਸ੍ਰੀ ਕ੍ਰਿਪਾਨ ਭੇਟ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੰਪੰਨ ਹੋਵੇਗਾ।ਗੁਰੂ ਕਾ ਲੰਗਰ ਸਦਾ ਅਤੁੱਟ ਵਰਤਦਾ ਹੀ ਹੈ ਤੇ ਵਰਤੇਗਾ।

**ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ** :- ਇਸ ਅਸਥਾਨ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜੀ ਨੂੰ 13 ਪੋਹ ਨੂੰ ਸ਼ਹੀਦ ਕੀਤਾ ਗਿਆ। ਸਰਸਾ ਨਦੀ ਪਾਰ ਕਰਦੇ ਸਮੇਂ ਪਰਿਵਾਰ ਵਿੱਛੜ ਗਿਆ ਸੀ ।ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਤੇ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਖੇੜੀ ਪਹੁੰਚੇ ।ਗੰਗੂ ਰਸੋਈਆ ਉਹਨਾਂ ਨੂੰ ਆਪਣੇ ਘਰ ਲੈ ਗਿਆ। ਮਾਤਾ ਜੀ ਤੇ ਦੋਨੋਂ ਸਾਹਿਬਜ਼ਾਦੇ ਜਦ ਰਾਤ ਨੂੰ ਸੌਂ ਗਏ ਤੇ ਗੰਗੂ ਨੇ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਤੇ ਸੋਨਾ ਸੀ, ਉਹ ਰਾਤ ਨੂੰ ਚੋਰ ਬਣ ਕੇ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ ।ਅਗਲੇ ਦਿਨ ਇਲਾਕੇ ਦੇ ਥਾਣੇਦਾਰ ਨੂੰ ਬੁਲਾ ਕੇ ਸੂਚਨਾ ਦਿੱਤੀ ਕਿ ਗੁਰੂ ਜੀ ਦੇ ਮਾਤਾ ਅਤੇ ਉਸ ਨਾਲ ਦੋ ਛੋਟੇ-ਛੋਟੇ ਸਾਹਿਬਜ਼ਾਦੇ ਘਰ ਵਿੱਚ ਲਿਆਂਦੇ ਹੋਏ ਹਨ ।ਮੋਰਿੰਡੇ ਦਾ ਥਾਣੇਦਾਰ ਮਾਤਾ ਗੁਜਰੀ ਜੀ ਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ । ਸਾਹਿਬਜ਼ਾਦਿਆਂ ਨੂੰ ਤਿੰਨ ਦਿਨ ਕਚਹਿਰੀ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ।ਸੂਬੇਦਾਰ ਨੇ ਬੱਚਿਆਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ, ਕਈ ਤਰ੍ਹਾਂ ਦੇ ਡਰਾਵੇ ਦਿੱਤੇ ਪਰ ਉਹਨਾਂ ਸਭ ਕੁਝ ਠੁਕਰਾ ਦਿੱਤਾ ।ਬਾਬਾ ਮੋਤੀ ਰਾਮ ਮਹਿਰਾ ਨੇ ਤਿੰਨ ਦਿਨ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਦੁੱਧ, ਜਲ ਤੇ ਸੁੱਕੇ ਮੇਵੇ ਛਕਾਉਣ ਦੀ ਸੇਵਾ ਕੀਤੀ।

13 ਪੋਹ ਨੂੰ ਸੂਬੇਦਾਰ ਦੇ ਹੁਕਮ ਨਾਲ ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ ।ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਿਆ ਜਾ ਰਿਹਾ ਸੀ, ਦੋ ਵਾਰ ਦੀਵਾਰ ਵੀ ਡਿੱਗ ਗਈ ਸੀ ।ਤੀਜੀ ਵਾਰ ਜਦ ਦੀਵਾਰ ਗਰਦਨ ਤੱਕ ਪਹੁੰਚੀ ਤਾਂ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ ਗਏ ।ਜਦੋਂ ਮਾਤਾ ਗੁਜਰੀ ਜੀ ਨੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ ਤੇ ਦੁਬਾਰਾ ਹੋਸ਼ ਵਿੱਚ ਨਾ ਆਏ।

ਗੁਰੂ ਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਤੇ ਮਾਤਾ ਗੁਜਰੀ ਜੀ ਦਾ ਸਸਕਾਰ ਕਰਨ ਲਈ 78000 ਸੋਨੇ ਦੀਆਂ ਮੋਹਰਾਂ ਖੜ੍ਹੀਆਂ ਜ਼ਮੀਨ ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖਰੀਦੀ ।ਸੋਨੇ ਦੀ ਕੀਮਤ ਦੇ ਮੁਤਾਬਿਕ ਇਸ ਚਾਰ ਸਕੇਅਰ ਮੀਟਰ ਜ਼ਮੀਨ ਦੀ ਕੀਮਤ ਦੋ ਅਰਬ 50 ਕਰੋੜ ਰੁਪਏ ਬਣਦੀ ਹੈ ।ਬਾਬਾ ਮੋਤੀ ਰਾਮ ਮਹਿਰਾ ਨੇ ਚੰਦਨ ਦੀ ਲੱਕੜ ਦਾ ਪ੍ਰਬੰਧ ਕੀਤਾ ਸੀ ।ਜਿੱਥੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦਿੱਤੀ ਸੀ, ਉੱਥੇ ਅੱਜ-ਕੱਲ੍ਹ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਥਿਤ ਹੈ। ਜਿੱਥੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਅੰਤਿਮ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਬਣਿਆ ਹੋਇਆ ਹੈ ।ਇਹ ਗੁਰਦੁਆਰਾ ਸਰਹਿੰਦ-ਚੂੰਗੀ ਸੜਕ ਤੇ ਸਥਿਤ ਹੈ ।ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਰਹਿੰਦ- ਮੋਰਿੰਡਾ ਸੜਕ ਤੇ ਸਥਿਤ ਹੈ ।ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਿਹ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਸ਼ਹੀਦੀ ਦਿਹਾੜਾ/ ਸ਼ਹੀਦੀ ਸਭਾ 11, 12 ਤੇ 13 ਪੋਹ ਨੂੰ ਮਨਾਈ ਜਾਂਦੀ ਹੈ ।

**ਗੁਰਦੁਆਰਾ ਮੰਜੀ ਸਾਹਿਬ ਆਲਮਗੀਰ** :- ਗੁਰਦੁਆਰਾ ਮੰਜੀ ਸਾਹਿਬ ਆਲਮਗੀਰ (ਲੁਧਿਆਣਾ) ਲੁਧਿਆਣਾ- ਮਲੇਰਕੋਟਲਾ ਰੋਡ 'ਤੇ ਸ਼ਹਿਰ ਤੋਂ 10 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਗੁਰਦੁਆਰਾ ਆਲਮਗੀਰ ਨੂੰ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ ।ਗੁਰੂ ਸਾਹਿਬ ਮਾਛੀਵਾੜਾ ਤੋਂ ਰਾਏਕੋਟ, ਤਲਵੰਡੀ ਸਾਬੋ ਨੂੰ ਜਾਂਦਿਆਂ ਉੱਚ ਦੇ ਪੀਰ ਦੇ ਰੂਪ ਵਿੱਚ ਪਲੰਘ ਤੇ ਸਵਾਰ ਹੋ ਕੇ 14 ਪੋਹ ਸੰਮਤ 1761 ਬਿਕਰਮੀ ਨੂੰ ਇਸ ਸਥਾਨ ਤੇ ਪੁੱਜੇ ।ਘੋੜਿਆਂ ਦੇ ਵਪਾਰੀ ਭਾਈ ਨਗਾਹੀਆ (ਭਾਈ ਨੌਧਾ ਸਿੰਘ) ਜੀ ਨੇ ਗੁਰੂ ਜੀ ਨੂੰ ਘੋੜਾ ਭੇਟ ਕੀਤਾ ।

ਇੱਥੇ ਪਵਿੱਤਰ ਸਰੋਵਰ 'ਤੀਰ ਸਰ' ਹੈ ।ਗੁਰੂ ਸਾਹਿਬ ਨੇ ਇੱਥੇ ਇੱਕ ਬਹੁਤ ਵੱਡੀ ਸਰਾਲ ਦੀ ਮੁਕਤੀ ਕੀਤੀ, ਜਿਸ ਨੇ ਖੂਹ ਨੂੰ ਘੇਰਿਆ ਹੋਇਆ ਸੀ ।ਸਰਾਲ ਵਿੱਚੋਂ ਖ਼ੂਨ ਨਿਕਲਣ ਕਾਰਣ ਪਾਣੀ ਪੀਣ ਯੋਗ ਨਾ ਰਿਹਾ। ਜਿੱਥੇ ਗੁਰੂ ਜੀ ਆਪ ਬੈਠੇ ਸਨ, ਨੇੜੇ ਇੱਕ ਹੋਰ ਤੀਰ ਮਾਰਿਆ ਤਾਂ ਧਰਤੀ ਵਿੱਚੋਂ ਪਵਿੱਤਰ ਜਲ ਦਾ ਸੋਮਾ ਫੁੱਟ ਪਿਆ ।ਸਿੱਖਾਂ ਨੇ ਇਸ਼ਨਾਨ ਕੀਤਾ ।ਬਾਅਦ ਵਿੱਚ ਇੱਥੇ ਹੀ ਸਰੋਵਰ ਤਿਆਰ ਕੀਤਾ ਗਿਆ। ਇੱਥੋਂ ਦੇ ਇੱਕ ਸਿੱਖ ਭਾਈ ਕੀਰਤ ਸਿੰਘ ਨੇ ਗੁਰੂ ਸਾਹਿਬ ਅਤੇ ਪੰਜ ਮੁਰੀਦਾਂ ਨੂੰ ਦੁੱਧ ਛਕਾਇਆ ।ਤੀਰਸਰ ਸਰੋਵਰ ਵਿੱਚ ਸ਼ਰਧਾ ਨਾਲ ਇਸ਼ਨਾਨ ਕਰਨ ਨਾਲ ਰੋਗ ਦੂਰ ਹੁੰਦੇ ਹਨ।

ਗੁਰਦੁਆਰਾ ਮੰਜੀ ਸਾਹਿਬ ਵਿਖੇ ਹਰ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਜਦਾ ਹੈ ।ਹਰ ਪੂਰਨਮਾਸ਼ੀ ਤੋਂ ਪਹਿਲਾਂ ਸ਼ਿਨਚਰਵਾਰ ਰਾਤ ਨੂੰ 10 ਵਜੇ ਗੁਰਦੁਆਰਾ ਕਲਗ਼ੀਧਰ ਸਾਹਿਬ ਲੁਧਿਆਣਾ ਸ਼ਹਿਰ ਤੋਂ ਪੈਦਲ ਚੌਂਕੀ ਦੀ ਸ਼ਕਲ ਵਿੱਚ ਚੱਲ ਕੇ ਸੰਗਤਾਂ ਇਲਾਹੀ ਬਾਣੀ ਦਾ ਜਾਪ ਕਰਦੀਆਂ ਐਤਵਾਰ ਸਵੇਰੇ 3 ਵਜੇ ਇਸ ਅਸਥਾਨ ਤੇ ਪਹੁੰਚਦੀਆਂ ਹਨ। ਗੁਰੂ ਸਾਹਿਬ ਦੇ ਇਸ ਅਸਥਾਨ ਤੇ ਆਉਣ ਦੀ ਇਤਿਹਾਸਕ ਯਾਦ ਵਿੱਚ ਤਿੰਨ ਰੋਜ਼ਾ ਜੋੜ-ਮੇਲ 14, 15 ਤੇ 16 ਪੋਹ ਨੂੰ ਹਰ ਸਾਲ ਲੱਗਦਾ ਹੈ।



**-ਕਰਨੈਲ ਸਿੰਘ ਐੱਮ.ਏ.**
**# 1138/63-,ਏ, ਗੁਰੂ ਤੇਗ਼ ਬਹਾਦਰ ਨਗਰ,ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

## ਕੇਂਦਰ ਅਤੇ ਸੂਬਾ ਸਰਕਾਰਾਂ ਕਿਸਾਨਾਂ ਨਾਲ ਟਕਰਾਅ ਛੱਡ ਟੇਬਲ ਵਾਰਤਾਲਾਪ ਰਾਹੀਂ

# ਮਸਲਾ ਹੱਲ ਕਰਣ ਲਈ ਸੰਜੀਦਾ ਹੋਣੇ: ਪਰਮਜੀਤ ਸਿੰਘ ਵੀਰਜੀ

**ਨਵੀਂ ਦਿੱਲੀ 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਦੇਸ਼ ਦਾ ਅੰਨਦਾਤਾ ਅੱਜ ਆਪਣੀਆ ਮੰਗਾਂ ਮਨਵਾਉਣ ਲਈ ਸੜਕਾਂ ਤੇ ਧਰਨੇ ਅਤੇ ਮੋਰਚੇ



ਲਾਉਣ ਲਈ ਮਜਬੂਰ ਹੈ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਦੇ ਸਾਬਕਾ ਮੁੱਖ ਸੇਵਾਦਾਰ, ਗੁਰਬਾਣੀ ਰਿਸਰਚ ਫਾਉਂਡੇਸ਼ਨ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਸੇਵਾ ਸੋਸਾਇਟੀ ਦੇ ਚੇਅਰਮੈਨ ਪੰਥਕ ਆਗੂ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਮੀਡੀਆ ਨੂੰ ਜਾਰੀ ਕੀਤੇ ਬਿਆਨ ਰਾਹੀਂ ਦਸਿਆ ਕਿ ਹਰੀਤ ਕ੍ਰਾਂਤੀ ਦੇ ਨਾਮ ਤੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਕਿਸਾਨਾ ਨੇ ਜਮੀਨ ਹੇਠਲਾ ਪਾਣੀ ਕੱਢ ਕੱਢ ਕੇ ਆਪਣੀ ਜਮੀਨ ਵੀ ਬਰਬਾਦ ਕਰ ਲਈ ਪਰ ਕੇਂਦਰ ਦੀਆਂ ਸਰਕਾਰਾਂ ਨੇ ਇਸ ਦਾ ਕੋਈ ਵੀ ਮੁੱਲ ਨਹੀ ਪਾਇਆ। ਅੱਜ ਕਿਸਾਨਾ ਨੂੰ ਆਪਣੀਆਂ ਫਸਲਾਂ ਦਾ ਸਹੀ ਮੁੱਲ ਲੈਣ ਲਈ ਵੀ ਜਦੋ ਜ਼ਿਹਦ ਕਰਨੀ ਪੈ ਰਹੀ ਹੈ। ਚੋਣਾ ਵੇਲੇ ਪਾਰਟੀਆਂ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਵਾਅਦਾ ਕਰਦੀਆਂ ਹਨ ਪਰ ਜਦੋ ਜਦੋ ਵੀ ਇਹਨਾਂ ਦੀਆਂ ਸਰਕਾਰਾ ਬਣਦੀਆਂ ਹਨ ਤਾਂ ਇਹ ਪਾਰਟੀਆਂ ਇਸ ਰਿਪੋਰਟ ਨੂੰ ਲਾਗੂ ਕਰਨ ਤੋ ਮੁਕਰ ਜਾਂਦੀਆਂ ਹਨ। ਐਮਐਸਪੀ ਸਮੇਤ ਆਪਣੀਆਂ 12 ਮੰਗਾਂ ਨੂੰ ਲੈ ਕੇ ਕਿਸਾਨ ਪਿਛਲੇ ਦਸ ਮਹੀਨੇ ਤੋ ਵੀ ਵੱਧ ਸਮੇ ਤੋਂ ਧਰਨੇ ਲਾ ਕੇ ਬੈਠੇ ਹਨ ਪ੍ਰੰਤੂ ਸੂਬਾਈ ਅਤੇ ਕੇਂਦਰ ਸਰਕਾਰ ਇਸ ਦਾ ਹੱਲ ਕੱਢਣ ਲਈ ਕੋਈ ਸੰਜੀਦਗੀ ਨਹੀ ਦਿਖਾ ਰਹੀਆਂ

### ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਪਰ ਅੱਥਰੂ ਗੈਸ, ਜਲ ਤੋਪਾਂ ਦੀ ਵਰਤੋਂ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ

ਹਨ। ਆਪਣੇ ਹੀ ਦੇਸ਼ ਅੰਦਰ ਇਕ ਰਾਜ ਤੋਂ ਦੂਜੇ ਰਾਜ ਵਿਚ ਜਾਣ ਲਈ ਪ੍ਰਮਿਸ਼ਨ ਮੰਗੀ ਜਾ ਰਹੀ ਹੈ ਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਪਰ ਅੱਥਰੂ ਗੈਸ, ਜਲ ਤੋਪਾਂ ਦੀ ਵਰਤੋਂ ਕਰਕੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਬੀਤੇ 18 ਦਿਨਾਂ ਤੋਂ ਕਿਸਾਨੀ ਮੰਗਾ ਮਨਵਾਉਣ ਲਈ ਮਰਨ ਵਰਤ ਤੇ ਬੈਠੇ ਹਨ ਜਿਸ ਕਰਕੇ ਉਨ੍ਹਾਂ ਦੀ ਤਬੀਯਤ ਬਹੁਤ ਖਰਾਬ ਹੋਣ ਕਰਕੇ ਉਨ੍ਹਾਂ ਦੀ ਜਿੰਦਗੀ ਦਾ ਨੁਕਸਾਨ ਹੋ ਸਕਦਾ ਹੈ। ਕੇਂਦਰ ਅਤੇ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਓਹ ਕਿਸਾਨਾਂ ਨਾਲ ਟਕਰਾਅ ਦਾ ਰਾਹ ਛੱਡ ਕੇ ਟੇਬਲ ਤੇ ਬੈਠ ਕੇ ਉਨ੍ਹਾਂ ਦੀਆਂ ਮੰਗਾ ਨੂੰ ਮੰਨੇ ਜਿਸ ਨਾਲ ਦੇਸ਼ ਅੰਦਰ ਸਰਕਾਰ ਵਿਰੁੱਧ ਬਣ ਰਿਹਾ ਮਾਹੌਲ ਵਿਸਫੋਟਕ ਸਤਿਥੀ ਤੇ ਨਾ ਪਹੁੰਚ ਸਕੇ।

## ਪੰਜਾਬ ਸਟੇਟ ਫੋਰਮ ਆਫ ਰਿਟਾਇਰਡ ਡਿਪਲੋਮਾ ਇੰਜੀਨੀਅਰਜ਼ ਦੀ

# ਸੂਬਾ ਪੱਧਰੀ ਮੀਟਿੰਗ ਜਲੰਧਰ ਵਿਖੇ ਹੋਈ : ਇੰਜੀ. ਵੀ ਕੇ ਕਪੂਰ



**ਚੌਕ ਮਹਿਤਾ, 14 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਟੇਟ ਫੋਰਮ ਆਫ ਰਿਟਾਇਰਡ ਡਿਪਲੋਮਾ ਇੰਜੀਨੀਅਰਜ਼ ਦੀ ਸੂਬਾ ਪੱਧਰੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਰਕਿੰਗ ਪ੍ਰਧਾਨ ਇੰਜੀ. ਸੁਰਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਪੰਜਾਬ ਲੋਕ ਨਿਰਮਾਣ ਵਿਭਾਗ ਭਵਨ ਅਤੇ ਮਾਰਗ ਸ਼ਾਖਾ ਦੇ ਜਲੰਧਰ ਛਾਉਣੀ ਵਿਸ਼ਰਾਮ ਘਰ ਵਿੱਚ ਕੀਤੀ ਗਈ। ਜਿਸ ਵਿਚ ਸਰਵ ਸ੍ਰੀ ਇੰਜੀ. ਸੁਰਿੰਦਰ ਸਿੰਘ ਸੋਢੀ, ਇੰਜ ਵਿਨੋਦ ਕਪੂਰ, ਇੰਜ ਦਲਜੀਤ ਸਿੰਘ ਕੋਹਲੀ, ਇੰਜ ਨਰੇਸ਼ ਕੁਮਾਰ ਸ਼ਰਮਾ, ਇੰਜ ਬਲਦੇਵ ਸਿੰਘ ਲੇਹਲ, ਇੰਜ ਸ਼ਮਸ਼ੇਰ ਸਿੰਘ ਜੋਸ਼ਨ, ਇੰਜ ਗੁਰਨਾਮ ਸਿੰਘ ਚਾਨਾ, ਇੰਜ ਸੁਖਵਿੰਦਰ ਸਿੰਘ ਸੈਣੀ, ਇੰਜ ਗੁਰਮੇਲ ਸਿੰਘ ਸੈਣੀ, ਇੰਜ ਤਜਿੰਦਰ ਸਿੰਘ ਵਾਲੀਆ, ਇੰਜ ਗੁਰਵਿੰਦਰ ਸਿੰਘ ਬੇਦੀ, ਇੰਜ ਅਸ਼ਵਨੀ ਪਾਹੁਜਾ, ਇੰਜ ਬਲਦੇਵ ਰਾਜ, ਇੰਜ ਮਨਜੀਤ ਸਿੰਘ ਗਰੋਵਰ ਹਾਜ਼ਰ ਸਨ। ਇਸ ਮੌਕੇ ਇੰਜ ਸੁਰਿੰਦਰ ਸਿੰਘ ਸੋਢੀ ਜੀ ਵਲੋਂ ਜਾਣਕਾਰੀ ਦਿੱਤੀ ਗਈ ਕਿ ਮਿਤੀ 17.10.2024 ਨੂੰ ਫੋਰਮ ਦੇ ਦੂਜੇ ਆਮ ਚੋਣ ਇਜਲਾਸ ਦੌਰਾਨ ਬਾਨੀ/ ਸੀਨੀਅਰ ਲੀਡਰਸ਼ਿਪ ਵਲੋਂ ਪੰਜ ਅਹੁਦੇਦਾਰਾਂ ਦੀ ਟੀਮ ਨੂੰ ਫੋਰਮ ਦੀ ਅਗਵਾਈ ਕਰਨ ਲਈ ਚੁਣਿਆ/ਨਾਮਜ਼ਦ ਕੀਤਾ ਗਿਆ ਸੀ। ਲਗਭਗ 300 ਤੋਂ ਜਿਆਦਾ ਮੈਂਬਰਾਂ ਦੇ ਹਾਊਸ ਵਲੋਂ ਇਨ੍ਹਾਂ ਨਾਮਜ਼ਦਗੀਆਂ/ਚੋਣ ਨੂੰ ਹੇਠ ਲਿਖੇ ਅਨੁਸਾਰ ਪਰਵਾਨਗੀ ਦਿੱਤੀ ਗਈ:-

ਇੰਜੀ. ਸੁਖਵਿੰਦਰ ਸਿੰਘ ਬਾਗੋਵਾਣੀ ( ਸੂਬਾ ਪ੍ਰਧਾਨ), ਇੰਜੀ. ਵੀ ਕੇ ਕਪੂਰ ( ਜਨਰਲ ਸਕੱਤਰ), ਇੰਜੀ. ਸੁਰਿੰਦਰ ਸਿੰਘ ਸੋਢੀ ( ਸੀ. ਮੀਤ ਪ੍ਰਧਾਨ), ਇੰਜੀ. ਦਲਜੀਤ ਸਿੰਘ ਕੋਹਲੀ ( ਮੁੱਖ ਸਲਾਹਕਾਰ) ਅਤੇ ਇੰਜੀ. ਨਰੇਸ਼ ਸ਼ਰਮਾ ( ਮੀਤ ਪ੍ਰਧਾਨ)

ਇੰਜੀ. ਸੁਖਵਿੰਦਰ ਸਿੰਘ ਬਾਗੋਵਾਣੀ ਸੂਬਾ ਪ੍ਰਧਾਨ ਵਲੋਂ ਮਿਤੀ 20.10.2024 ਤੋਂ ਹੀ ਆਪਹੁਦਰੀਆਂ/ ਗੈਰ ਸੰਵੈਧਾਨਿਕ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਸਬੰਧੀ ਮਿਤੀ 07.11.2024 ਅਤੇ 19.11.2024 ਨੂੰ ਪੰਜਾਂ ਅਹੁਦੇਦਾਰਾਂ ਦੀ ਮੀਟਿੰਗ ਕਰਕੇ ਸਥਿਤੀ ਨੂੰ ਸੰਭਾਲਣ ਦੇ ਉਪਰਾਲੇ ਕੀਤੇ ਗਏ ਅਤੇ ਕਾਰਜਕਾਰਨੀ ਕਮੇਟੀ ਦਾ ਵਿਸਥਾਰ ਕੀਤਾ ਗਿਆ। ਪਰੰਤੂ ਮਿਤੀ 20.11.2024 ਤੋਂ ਬਾਂਗੋਵਾਨੀ ਦੀ ਡਿਕਟੇਟਰਾਂ ਵਾਲੀ ਕਾਰਵਾਈ ਮੁੜ ਸ਼ੁਰੂ ਹੋ ਗਈ। ਇਸ ਸਭ ਨੂੰ ਮੁੱਖ ਰੱਖਦਿਆਂ ਮਿਤੀ 07.12.2024 ਨੂੰ ਫ਼ੋਰਮ ਦੀ ਕਾਰਜਕਾਰਨੀ ਕਮੇਟੀ ਦੇ 12 ਮੈਂਬਰਾਂ ਵਿੱਚੋਂ 9 ਅਹੁਦੇਦਾਰਾਂ (75%) ਦੀ ਬਹੁਮਤ ਨੇ ਬਾਂਗੋਵਾਨੀ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਅਤੇ ਇਸ ਅਹੁਦੇ ਨੂੰ ਵਰਤ ਕੇ ਭਵਿੱਖ ਵਿੱਚ ਕੋਈ ਵੀ ਜਥੇਬੰਦਕ ਕਾਰਵਾਈ ਕਰਨ ਦੀ ਮਨਾਹੀ ਕਰ ਦਿੱਤੀ। ਪ੍ਰੰਤੂ ਇਸ ਦੇ ਬਾਵਜੂਦ ਮਿਤੀ 10.12.2024 ਨੂੰ ਬਾਂਗੋਵਾਨੀ ਵਲੋਂ ਕਾਰਜਕਾਰਨੀ ਕਮੇਟੀ ਦੀ ਬਹੁਮਤ ਦੇ ਫੈਸਲੇ ਨੂੰ ਦਰਕਿਨਾਰ ਕਰਕੇ ਫਗਵਾੜਾ ਵਿਖੇ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਪੁਰਜ਼ੋਰ ਨਿਖੇਧੀ ਕੀਤੀ ਗਈ। ਫੋਰਮ ਦੀ ਅਗਵਾਈ ਕਰਨ ਲਈ 19.11.2024 ਨੂੰ ਕਾਰਜਕਾਰਨੀ ਕਮੇਟੀ ਦੀ ਪਿਛਲੀ ਮੀਟਿੰਗ ਵਿੱਚ ਲਏ ਗਏ ਫੈਸਲੇ ਤੋਂ ਬਾਦ ਪ੍ਰਵਾਨ ਕੀਤੇ ਜਾ ਚੁੱਕੇ ਅਹੁਦੇਦਾਰਾਂ ਦੀ ਗਿਣਤੀ ਪੂਰੀ ਕਰਨ ਹਿੱਤ ਇੰਜ ਬਲਦੇਵ ਸਿੰਘ ਲੇਹਲ ਨੂੰ ਵਧੀਕ ਜਨਰਲ ਸਕੱਤਰ, ਇੰਜ ਕੁਲਦੀਪ ਸਿੰਘ ਬੋਪਾਰਾਏ ਨੂੰ ਵਧੀਕ ਵਿੱਤ ਸਕੱਤਰ, ਇੰਜ. ਗੁਰਮੇਲ ਸਿੰਘ ਸੈਣੀ ਨੂੰ ਪ੍ਰੈਸ ਸਕੱਤਰ ਅਤੇ ਇੰਜ. ਅਵਤਾਰ ਸਿੰਘ ਬੈਂਸ ਨੂੰ ਪ੍ਰੋਪੇਗੰਡਾ ਸਕੱਤਰ ਨਿਯੁਕਤ ਕਰਨ ਦੀ ਪ੍ਰਵਾਨਗੀ ਦੇਣ ਉਪਰੰਤ ਫੋਰਮ ਦੀ ਕਾਰਵਾਈ ਆਰੰਭੀ ਗਈ।

ਕਾਰਜਕਾਰਨੀ ਕਮੇਟੀ ਵੱਲੋਂ ਸ਼ੁਰੂ ਵਿੱਚ 2 ਮਿੰਟ ਦਾ ਮੌਨ ਧਾਰਨ ਕਰਕੇ ਇੰਜ ਹਰਵਿੰਦਰਜੀਤ ਸਿੰਘ ਕਾਹਲੋ ਅਤੇ ਇੰਜ ਜੇ ਪੀ ਸਿੰਘ ਜੀ ਨੂੰ ਬੇ-ਵਕਤੀ ਮੋਤ ਤੇ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਜਥੇਬੰਦੀ ਵਲੋਂ ਹੇਠ ਅਨੁਸਾਰ ਫ਼ੈਸਲੇ ਲਏ ਗਏ :-

1. ਜਥੇਬੰਦੀ ਨੂੰ ਰਜਿਸਟਰਡ ਕਰਵਾਉਣ ਲਈ ਇੰਜੀ ਵੀ.ਕੇ ਕਪੂਰ, ਜਨਰਲ ਸਕੱਤਰ ਨੂੰ ਅਧਿਕਾਰਿਤ ਕੀਤਾ ਗਿਆ।

2. ਇੰਜੀ. ਦਲਜੀਤ ਸਿੰਘ ਕੋਹਲੀ ਮੁੱਖ ਸਲਾਹਕਾਰ ਨੂੰ ਬੇਨਤੀ ਕੀਤੀ ਗਈ ਕਿ ਸੂਬਾ ਪ੍ਰਧਾਨ ਦੇ ਖਾਲੀ ਹੋਏ ਅਹੁਦੇ ਲਈ ਸੀਨੀਅਰ ਲੀਡਰ ਇੰਜੀ. ਪਰਗਟ ਸਿੰਘ ਗਰੇਵਾਲ ਅਤੇ ਜਲ ਸਰੋਤ ਵਿਭਾਗ ਦੇ ਹੋਰ ਮੋਹਤਬਰ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਕੇ ਕਿਸੇ ਕਾਬਿਲ, ਨੇਕ, ਮਿਹਨਤੀ ਅਤੇ ਜੁਝਾਰੂ ਜਜ਼ਬੇ ਵਾਲੇ ਸਾਥੀ ਦਾ ਨਾਮ ਕਾਰਜਕਾਰਨੀ ਕਮੇਟੀ ਦੇ ਸਨਮੁੱਖ ਜਲਦੀ ਭਵਿੱਖ ਵਿੱਚ ਪੇਸ਼ ਕੀਤਾ ਜਾਵੇ। ਕੋਹਲੀ ਸਾਹਿਬ ਨੇ ਦੱਸਿਆ ਕਿ ਇੰਜੀ. ਪਰਗਟ ਸਿੰਘ ਗਰੇਵਾਲ ਅਤੇ ਹੋਰ ਸੀਨੀਅਰ ਮੈਬਰਾਂ ਨਾਲ ਸਲਾਹ ਮਸ਼ਵਰਾ ਕਰਕੇ 3-4 ਸਾਥੀਆਂ ਦੇ ਪੈਨਲ ਤੇ ਵਿਚਾਰ ਚਰਚਾ ਚੱਲ ਰਹੀ ਹੈ ਅਤੇ ਛੇਤੀ ਹੀ ਯੋਗ ਉਮੀਦਵਾਰ ਦਾ ਨਾਮ ਕਾਰਜਕਾਰਨੀ ਕਮੇਟੀ ਦੀ ਮੰਜ਼ੂਰੀ ਹਿੱਤ ਪੇਸ਼ ਕਰ ਦਿੱਤਾ ਜਾਵੇਗਾ। ਤਦ ਤੱਕ ਸੀ. ਮੀ. ਪ੍ਰਧਾਨ ਇੰਜੀ. ਸੁਰਿੰਦਰ ਸਿੰਘ ਸੋਢੀ ਵਰਕਿੰਗ ਪ੍ਰਧਾਨ ਵਜੋਂ ਫੋਰਮ ਦੀ ਅਗਵਾਈ ਕਰਨਗੇ।

3. ਜੋਨ ਵਾਈਜ਼ ਕਾਰਜਕਾਰਨੀ ਕਮੇਟੀਆਂ ਬਣਾਉਣ ਦੀ ਕਾਰਵਾਈ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

4. ਰਿਟਾਇਰਡ ਸਾਥੀਆਂ ਦੇ ਹੇਠ ਲਿਖੇ ਮੁੱਦਿਆ ਤੇ ਸਮੱਰਥ ਅਧਿਕਾਰੀਆਂ/ਸਰਕਾਰ ਨਾਲ ਪਹੁੰਚ ਕਰਨ ਲਈ ਨਿਰਣਾ ਲਿਆ ਗਿਆ :-

1) Soil Conservation ਦੇ ਕੇਸ ਦੀ ਪੈਰਵਾਈ ਇੰਜ ਸੁਰਿੰਦਰ ਸਿੰਘ ਸੋਢੀ ਬਾਖੂਬੀ ਕਰਦੇ ਰਹਿਣਗੇ।

2) ਸੇਵਾ-ਮੁਕਤ ਪੈਨਸ਼ਨਰਾਂ ਦਾ 01-01-2016 ਤੋਂ ਰਹਿੰਦਾ ਬਕਾਇਆ ਦੁਆਉਣ ਲਈ ਕਾਰਵਾਈ ਕਰਨੀ।

3) ਲੰਬਿਤ ਪਏ ਮਹਿੰਗਾਈ ਭੱਤੇ ਦੀ ਪ੍ਰਾਪਤੀ ਲਈ ਜਦੋ-ਜਹਿਦ ਕਰਨੀ।

4) ਇੰਜੀ ਰਾਕੇਸ਼ ਕੁਮਾਰ ਵਿਤ ਸਕੱਤਰ ਪਾਸੋਂ ਜਥੇਬੰਦੀ ਦੇ ਬਕਾਇਆ ਪਏ ਫੰਡ ਨੂੰ ਜਥੇਬੰਦੀ ਦੇ ਖਾਤੇ ਵਿੱਚ ਵਾਪਿਸ ਕਰਵਾਉਣ ਲਈ ਕਾਰਵਾਈ ਕਰਨੀ। ਇੰਜ ਸੁਰਿੰਦਰ ਸਿੰਘ ਸੋਢੀ ਕਾਰਜਕਾਰੀ ਪ੍ਰਧਾਨ ਨੂੰ ਅਖਤਿਆਰ ਦਿੱਤੇ ਗਏ ਕਿ ਉਹ ਇੰਜੀ ਰਾਕੇਸ਼ ਕੁਮਾਰ ਪਾਸੋਂ ਫੰਡ ਵਾਪਿਸ ਕਰਵਾਉਣ ਲਈ ਵਧੀਕ ਵਿਤ ਸਕੱਤਰ ਇੰਜ. ਕੁਲਦੀਪ ਸਿੰਘ ਬੋਪਾਰਾਏ ਦਾ ਸਹਿਯੋਗ ਲੈਕੇ ਯੋਗ ਕਾਰਵਾਈ ਕਰਨ ਮੀਟਿੰਗ ਦੇ ਅੰਤ ਵਿੱਚ ਇੰਜ ਵੀ ਕੇ ਕਪੂਰ ਵਲੋਂ ਰਿਟਾਇਰਡ ਇੰਜੀਨੀਅਰਜ ਜਮਾਤ ਦੇ ਸਮੂਹ ਮੈਂਬਰਾਨ ਨੂੰ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਲਈ ਸਾਰਥਕ ਯਤਨ ਕਰਨ ਦਾ ਭਰੋਸਾ ਦਿੰਦਿਆਂ ਹਾਜ਼ਰ ਕਾਰਜਕਾਰਨੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਕਿਸਾਨੀ ਮੰਗਾਂ ਨੂੰ ਲੈ ਕੇ ਮਰਨ ਵਰਤ ਤੇ ਬੈਠੇ ਜਗਜੀਤ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ ਅੱਗੇ ਆਵੇ : ਪ੍ਰੋ. ਬਡੂੰਗਰ

## ਜਗਜੀਤ ਡੱਲੇਵਾਲ ਦੀ ਵਿਗੜਦੀ ਸਿਹਤ ਤੇ ਕੀਤਾ ਚਿੰਤਾ ਦਾ ਪ੍ਰਗਟਾਵਾ



**ਪਟਿਆਲਾ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਸਾਨੀ ਮਸਲਿਆਂ ਨੂੰ ਕੇਂਦਰ ਸਰਕਾਰ ਵੱਲੋਂ ਹੱਲ ਨਾ ਕਰਨ ਦੇ ਮਨੋਰਥ ਨਾਲ ਪਿਛਲੇ ਲਗਭਗ 19 ਦਿਨਾਂ ਤੋਂ ਮਰਨ ਵਰਤ ਤੇ ਬੈਠੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਏਕਤਾ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਦਿਨ ਪ੍ਰਤੀ ਦਿਨ ਵਿਗੜ ਰਹੀ ਸਿਹਤ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਕਿਸਾਨਾਂ ਵਲੋਂ ਕੇਂਦਰ ਸਰਕਾਰ ਅੱਗੇ ਰੱਖੀਆਂ ਗਈਆਂ ਸਾਰੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕੀਤੇ ਜਾਣ ਦੀ ਮੰਗ ਕੀਤੀ ਹੈ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਕਿਸਾਨਾਂ ਤੇ ਤਸ਼ੱਦਦ ਕਰਨ ਦੀ ਬਜਾਏ ਕੇਂਦਰ ਸਰਕਾਰ ਮਿਲ ਬੈਠ ਕੇ ਕਿਸਾਨਾਂ ਦੇ ਮਸਲੇ ਤੁਰੰਤ ਹੱਲ ਕਰੇ। ਉਹਨਾਂ ਕਿਹਾ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਮਰਨ ਵਰਤ ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਵਿੱਚ ਅੱਗੇ ਆਉਣਾ ਚਾਹੀਦਾ ਹੈ ਤੇ ਕਿਸਾਨਾਂ ਦੀਆਂ ਮੰਗਾਂ ਦੇ ਮਸਲਿਆਂ ਦਾ ਪੱਕੇ ਤੌਰ ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਦੇਸ਼ ਦੇ ਅੰਨਦਾਤਾ ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਬਣਾਉਣ ਲਈ ਲੰਬਾ ਸੰਘਰਸ਼ ਵਿੱਢਿਆ ਗਿਆ ਤੇ ਸਾਨਾਂ ਦੇ ਸੰਘਰਸ਼ ਅੱਗੇ ਆਖਰਕਾਰ ਕੇਂਦਰ ਸਰਕਾਰ ਨੂੰ ਮਜਬੂਰ ਹੋ ਕੇ ਜੋ ਕਿਸਾਨੀ ਸਬੰਧੀ ਤਿੰਨ ਕਾਲੇ ਕਾਨੂੰਨ ਬਣਾਏ ਗਏ ਸਨ ਉਨਾਂ ਨੂੰ ਰੱਦ ਕਰਨ ਲਈ ਮਜਬੂਰ ਹੋਣਾ ਪਿਆ ਤੇ ਉਸੇ ਤਰ੍ਹਾਂ ਹੁਣ ਵੀ ਬਿਨਾਂ ਦੇਰ ਕੀਤੇ ਹੋਏ ਕੇਂਦਰ ਸਰਕਾਰ ਕਿਸਾਨਾਂ ਦੀਆਂ ਜੋ ਮੰਗਾਂ ਹਨ ਉਨਾਂ ਨੂੰ ਪ੍ਰਵਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

## ਕਾਂਗਰਸੀ ਉਮੀਦਵਾਰ ਰਾਜੀਵ ਕੁਮਾਰ ਵਲੋਂ ਵਾਰਡ ਨੰਬਰ 10 ਤੋ ਨਾਮਜ਼ਦਗੀ ਪੱਤਰ ਕੀਤੇ ਦਾਖਲ



**ਚੌਕ ਮਹਿਤਾ, 14 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨਗਰ ਨਿਗਮ ਚੋਣ ਵਿੱਚ ਵਾਰਡ ਨੰਬਰ 10 ਤੋ ਕਾਂਗਰਸੀ ਉਮੀਦਵਾਰ ਰਾਜੀਵ ਕੁਮਾਰ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ ਇਸ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਰਾਜੀਵ ਕੁਮਾਰ ਨੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਇਸ ਮੌਕੇ ਗੱਲਬਾਤ ਕਰਦਿਆਂ ਰਾਜੀਵ ਕੁਮਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਸੂਬੇ ਦੇ ਹਰ ਵਰਗ ਦੇ ਲੋਕ ਦੁਖੀ ਹਨ ਅਤੇ ਇਹਨਾਂ ਨਗਰ ਨਿਗਮ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰੀ ਵੋਟਾਂ ਦੀ ਗਿਣਤੀ ਨਾਲ ਜਿੱਤ ਹਾਸਿਲ ਕਰਨਗੇ ਕਾਂਗਰਸੀ ਉਮੀਦਵਾਰ ਰਾਜੀਵ ਕੁਮਾਰ ਨੂੰ ਲੋਕਾਂ ਵੱਲੋਂ ਵੱਡਾ ਸਮਰਥਨ ਮਿਲ ਰਿਹਾ ਹੈ ਆਪਣੀ ਚੋਣ ਮੁਹਿੰਮ ਦੌਰਾਨ ਵਾਰਡ ਦੇ ਵਾਸੀਆਂ ਨਾਲ ਮਿਲ ਕੇ ਉਹਨਾਂ ਦੇ ਮੁੱਖ ਸਮੱਸਿਆਵਾਂ ਨੂੰ ਸੁਣਿਆ ਅਤੇ ਹੱਲ ਕਰਨ ਦੇ ਭਰੋਸੇ ਦਿੱਤੇ ਲੋਕਾਂ ਦਾ ਕਹਿਣਾ ਹੈ ਕਿ ਰਾਜੀਵ ਕੁਮਾਰ ਜਜਬੇ ਨਾਲ ਕੰਮ ਕਰਨ ਵਾਲੇ ਹਨ ਰਾਜੀਵ ਕੁਮਾਰ ਨੇ ਕਿਹਾ ਕਿ ਜੇਕਰ ਉਹ ਜਿੱਤਦੇ ਹਨ, ਤਾਂ ਵਾਰਡ ਵਿੱਚ ਸਫਾਈ, ਸੜਕਾਂ ਦੀ ਮੁਰੰਮਤ, ਅਤੇ ਬਿਜਲੀ-ਪਾਣੀ ਦੀ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਲਈ ਕਦਮ ਚੁੱਕੇ ਜਾਣਗੇ।







ਜਨਮ ਦਿਨ ਮੁਬਾਰਕ


ਗੁਰਇਕਬਾਲ ਸਿੰਘ ਗੈਰੀ

ਵੱਲੋਂ : ਪੱਤਰਕਾਰ ਰਣਜੀਤ ਸਿੰਘ ਪੇਧਨੀ

### ਨਗਰ ਨਿਗਮ ਬਟਾਲਾ ਦੀ ਉਪ ਚੋਣ ਦੌਰਾਨ ਗਲਤ ਢੰਗ ਨਾਲ

# ਐੱਨ.ਓ.ਸੀ. ਜਾਰੀ ਕਰਨ ਵਾਲੇ 2 ਕਰਮਚਾਰੀਆਂ ਨੂੰ ਮੁਅੱਤਲ ਕੀਤਾ





**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 14 ਦਸੰਬਰ (ਕੁਲਜੀਤ ਸਿੰਘ ਖੋਖਰ)**-ਨਗਰ ਨਿਗਮ ਬਟਾਲਾ ਦੇ ਵਾਰਡ ਨੰਬਰ 24 ਦੀ ਉਪ ਚੋਣ ਦੌਰਾਨ ਗਲਤ ਐੱਨ.ਓ.ਸੀ. ਦੇਣ ਕਾਰਨ ਨਗਰ ਨਿਗਮ ਬਟਾਲਾ ਦੇ ਇੱਕ ਕਰਮਚਾਰੀ ਨੂੰ ਨੌਂਕਰੀ ਤੋਂ ਬਰਖਾਸਤ (ਡਿਸਮਿਸ) ਅਤੇ ਦੋ ਹੋਰਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਸਬੰਧੀ ਲਿਖਤੀ ਹੁਕਮ ਅੱਜ ਕਮਿਸ਼ਨਰ ਨਗਰ ਨਿਗਮ, ਬਟਾਲਾ ਵੱਲੋਂ ਜਾਰੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਨਗਰ ਨਿਗਮ ਬਟਾਲਾ ਦੀ ਪ੍ਰਾਪਰਟੀ ਟੈਕਸ ਇੰਸਪੈਕਟਰ ਸ੍ਰੀਮਤੀ ਨੀਲਮ ਅਤੇ ਹੈੱਡ ਡਰਾਫਟਸਮੈਨ ਸ੍ਰੀ ਅਜੈਬ ਸਿੰਘ ਨੇ ਵਾਰਡ ਨੰਬਰ 24 ਦੀ ਉਪ ਚੋਣ ਵਿੱਚ ਹਿੱਸਾ ਲੈ ਰਹੇ ਉਮੀਦਵਾਰ ਬਲਵਿੰਦਰ ਸਿੰਘ ਪੁੱਤਰ ਫੌਜਾ ਸਿੰਘ ਅਤੇ ਜਤਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ, ਵਾਸੀ ਆਲੋਵਾਲ ਨੂੰ ਗਲਤ ਤਰੀਕੇ ਨਾਲ ਐੱਨ.ਓ.ਸੀ. ਜਾਰੀ ਕੀਤਾ ਗਿਆ ਸੀ। ਜਦੋਂ ਇਸ ਸਬੰਧੀ ਲਗਾਏ ਦੋਸ਼ਾਂ ਦੀ ਜਾਂਚ ਕੀਤੀ ਗਈ ਤਾਂ ਇਹ ਦੋਸ਼ ਸਹੀ ਪਾਏ ਗਏ। ਚੋਣਾਂ ਵਰਗੇ ਅਹਿਮ ਕੰਮ ਵਿੱਚ ਵਰਤੀ ਗਈ ਅਜਿਹੀ ਗੰਭੀਰ ਕੋਤਾਹੀ ਨੂੰ ਧਿਆਨ ਵਿੱਚ ਰੱਖਦੇ ਹੋਏ ਕਮਿਸ਼ਨਰ ਨਗਰ ਨਿਗਮ, ਬਟਾਲਾ ਵੱਲੋਂ ਇਨ੍ਹਾਂ ਦੋਵਾਂ ਕਰਮਚਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਉਨ੍ਹਾਂ ਦੀ ਡਿਊਟੀ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਤੋਂ ਇਲਾਵਾ ਨਗਰ ਨਿਗਮ ਬਟਾਲਾ ਦੇ ਇੱਕ ਹੋਰ ਕਰਮਚਾਰੀ ਰਵਿੰਦਰ ਸਿੰਘ ਜੋ ਆਊਟਸੋਰਸ ਉੱਪਰ ਕੰਮ ਕਰ ਰਿਹਾ ਸੀ ਵੱਲੋਂ ਵੀ ਗਲਤ ਢੰਗ ਨਾਲ ਉਪ ਚੋਣ ਵਿੱਚ ਹਿੱਸਾ ਲੈ ਰਹੇ ਉਮੀਦਵਾਰਾਂ ਬਲਵਿੰਦਰ ਸਿੰਘ ਅਤੇ ਜਤਿੰਦਰ ਸਿੰਘ ਨੂੰ ਗਲਤ ਐੱਨ.ਓ.ਸੀ. ਜਾਰੀ ਕੀਤੀ ਗਈ ਸੀ। ਇਸ ਗੰਭੀਰ ਕੁਤਾਹੀ ਨੂੰ ਧਿਆਨ ਵਿੱਚ ਰੱਖਦੇ ਹੋਏ ਕਮਿਸ਼ਨਰ ਨਗਰ ਨਿਗਮ ਬਟਾਲਾ ਵੱਲੋਂ ਇਸ ਕਰਮਚਾਰੀ ਦੀਆਂ ਤੁਰੰਤ ਪ੍ਰਭਾਵ ਨਾਲ ਸੇਵਾਵਾਂ ਖਤਮ ਕਰ ਦਿੱਤੀਆਂ ਹਨ।

**ਇੱਕ ਆਊਟਸੋਰਸ ਕਰਮਚਾਰੀ ਦੀਆਂ ਸੇਵਾਵਾਂ ਖਤਮ ਕੀਤੀਆਂ**

### ਸਲਾਨਾ ਚਾਰ ਰੋਜ਼ਾ ਖੇਡ ਸਮਾਗਮ ਦੀ ਧੂਮ-ਧਾਮ ਨਾਲ ਹੋਈ ਸਮਾਪਤੀ

# ਕੈਬਨਿਟ ਮੰਤਰੀ ਈ.ਟੀ.ਓ. ਵੱਲੋਂ ਸੁਹਿੰਦਰ ਕੌਰ ਨੇ ਕੀਤੀ ਇਨਾਮਾਂ ਦੀ ਵੰਡ

**ਚੌਕ ਮਹਿਤਾ, 15 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਸ਼ਮੇਸ਼ ਵਿਦਿਅਕ ਸੰਸਥਾਵਾਂ ਵਿਖੇ ਚਾਰ ਰੋਜ਼ਾ ਖੇਡ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦਾ ਆਖਰੀ ਦਿਨ ਸ਼ਾਨਦਾਰ ਤਰੀਕੇ ਨਾਲ ਗੁਜਰਿਆ।ਵਿਦਿਆਰਥੀਆਂ ਨੇ ਇਹਨਾ ਚਾਰ ਰੋਜ਼ਾ ਸਮਾਗਮ ਵਿੱਚ ਵੱਧ ਚੜ ਕੇ ਹਿੱਸਾ ਲਿਆ ਅਤੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ।ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਵਿਖੇ ਅੱਜ ਆਖਰੀ ਦਿਨ ਖੇਡ ਸਮਾਰੋਹ ਵਿੱਚ ਸ਼੍ਰੀਮਤੀ ਸੁਹਿੰਦਰ ਕੌਰ ਜੀ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ ਅਤੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਉਹਨਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।ਇਹਨਾਂ ਚਾਰ ਰੋਜ਼ਾ ਖੇਡ ਸਮਾਗਮ ਵਿੱਚ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਪੰਜਾਬ ਬੋਰਡ) ਅਤੇ ਦਸਮੇਸ਼ ਪਬਲਿਕ ਹੈਰੀਟੇਜ ਵਿਖੇ ਚੱਲ ਰਹੇ ਹਾਊਸਾਂ ਵਿੱਚ ਮੁਕਾਬਲੇ ਕਰਵਾਏ ਗਏ।ਅੱਜ ਦੇ ਇਸ ਖੇਡ ਸਮਾਗਮ ਵਿੱਚ ਵਿਦਿਆਰਥੀਆ ਵੱਲੋਂ ਜੂਨੀਅਰ ਬੁਆਇਜ 200 ਮੀਟਰ,ਰੀਲੇਅ ਜੂਨੀਅਰ ਬੁਆਇਜ ,ਗਰਲਜ਼,ਟੱਗ ਆਫ਼ ਵਾਰ ਸੀਨੀਅਰ ਬੁਆਇਜ,ਜੂਨੀਅਰ ਬੁਲਾਇਜ,ਗਰਲਜ, 01 ਲੈਗ ਰੇਸ,400 ਮੀਟਰ ਰੀਲੇਅ ਰੇਸ ਸੀਨੀਅਰ ਬੁਆਇਜ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਬੱਚਿਆਂ ਨੇ ਐਥਲੀਟ ਮੁਕਾਬਲਿਆਂ ਤੋਂ ਇਲਾਵਾ ਦਸ਼ਮੇਸ਼ ਪਿਤਾ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ,ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਕੋਰਿਓਗ੍ਰਾਫੀਆਂ ਦੀ ਪੇਸ਼ਕਾਰੀ ਵੀ ਕੀਤੀ। ਸ.ਸਤਨਾਮ ਸਿੰਘ ਜੱਜ,,ਸ.ਬਲਜਿੰਦਰ ਸਿੰਘ ਬਾਲੀ ,ਸ.ਜਤਿੰਦਰਪਾਲ ਸਿੰਘ ਵੱਲੋਂ ਕੋਰੀਓਗਓਫੀ ਦੀ ਬਤੌਰ ਜੱਜ ਡਿਊਟੀ ਨਿਭਾਈ ਗਈ ਜੋ ਕਿ ਬੇਹੱਦ ਸਲਾਹੁਣਯੋਗ ਸੀ। ਅੱਜ ਦੇ ਖੇਡ ਸਮਾਗਮ ਦਸ਼ਮੇਸ਼ ਪਬਲਿਕ ਸੀਨੀ.ਸੈਕੰ.ਸਕੂਲ ਵਿੱਚ ਓਵਰਆਲ ਕਰਮਵਾਰ ਪਹਿਲਾ ਸਥਾਨ ਬਿਆਸ ਹਾਊਸ,ਦੂਸਰਾ ਸਥਾਨ ਸਤਲੁਜ ਹਾਊਸ ਤੇ ਤੀਸਰਾ ਸਥਾਨ ਰਾਵੀ ਹਾਊਸ ਨੇ ਹਾਸਿਲ ਕੀਤਾ।ਇਵੇਂ ਹੀ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਵਿੱਚ ਓਵਰਆਲ ਟਰਾਫੀ ਕ੍ਰਮਵਾਰ ਐਟਲੈਟਿਕ ਹਾਊਸ,ਇੰਡੀਅਨ ਹਾਊਸ ਨੇ ਦੂਸਰਾ ਸਥਾਨ ਅਤੇ ਤੀਸਰਾ ਸਥਾਨ ਪੈਸੀਫਿਕ ਹਾਊਸ ਨੇ ਹਾਸਿਲ ਕੀਤਾ।ਇਸ ਸਮਾਗਮ ਤੇ ਮੁੱਖ ਮਹਿਮਾਨ ਵਜੋਂ ਪਹੁੰਚੇ ਸ਼੍ਰੀਮਤੀ ਸੁਹਿੰਦਰ ਕੌਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਖੇਡ ਸਮਾਗਮ ਵਿੱਚ ਜੇਤੂ ਵਿਦਿਆਰਥੀਆ ਨੂੰ ਵਧਾਈ ਦਿੱਤੀ ਅਤੇ ਸੰਸਥਾ ਵੱਲੋਂ ਕੀਤੇ ਗਏ ਇਸ ਸਲਾਘਾਯੋਗ ਉਪਰਾਲੇ ਦੀ ਪ੍ਰਸੰਸਾ ਕੀਤੀ।



ਦਸ਼ਮੇਸ਼ ਵਿੱਦਿਅਕ ਸੰਸ਼ਥਾਵਾ ਦੇ ਚੇਅਰਮੈਨ ਸ.ਗੁਰਦੀਪ ਸਿੰਘ ਜੀ ਰੰਧਾਵਾ ਅਤੇ ਮੈਨੇਜਰ ਸ.ਹਰਸ਼ਦੀਪ ਸਿੰਘ ਰੰਧਾਵਾ ਜੀ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਉਹਨਾਂ ਦੁਆਰਾ ਜੇਤੂ ਵਿਦਿਆਰਥੀਆਂ ਨੂੰ ਵਧਾਈ ਵੀ ਦਿੱਤੀ ਗਈ।ਇਸ ਸਮਾਗਮ ਵਿੱਚ ਬੱਚਿਆਂ ਦੇ ਮਾਪਿਆਂ ਵੱਲੋਂ ਵੀ ਸਮੁੱਚੇ ਤੌਰ ਤੇ ਸ਼ਿਰਕਤ ਕੀਤੀ ਗਈ।ਇਸ ਤੋਂ ਇਲਾਵਾ ,ਸ.ਅਜੀਤ ਸਿੰਘ ਫਾਊਡਰ ਸਿਟੀਜ਼ਨ ਫੋਰਮ ਵਿੱਦਿਆ ਮੰਦਰ ਮਕਬੂਲਪੁਰਾ,ਸ.ਹਰਪਾਲ ਸਿੰਘ ਬਾਜਵਾ( ਇੰਟਰਨੈਸ਼ਨਲ ਬਾਡੀ ਬਿਲਡਰ),ਸ਼੍ਰੀ ਅਜੇ ਗਾਂਧੀ ਜੀ ਸਰਪੰਚ ਮਹਿਤਾ ਚੌਂਕ,ਸ.ਅਜੀਤ ਸਿੰਘ ਬੱਬੀ ,ਸਰਪੰਚ ਪਰਗਟ ਸਿੰਘ.ਸਰਪੰਚ ਰਣਜੀਤ ਸਿੰਘ ,ਸਰਪੰਚ ਨਿਸ਼ਾਨ ਸਿੰਘ ਗੋਲਡੀ, ਸ.ਸੁਖਜਾਪ ਸਿੰਘ,ਸ.ਅਵਤਾਰ ਸਿੰਘ ਬੁੱਟਰ ,ਸ.ਭੁਪਿੰਦਰ ਸਿੰਘ ਅਠਵਾਲ, ਸ.ਜਗਜੀਤ ਸਿੰਘ ਰੰਧਾਵਾ,ਸ.ਤਰਸੇਮ ਸਿੰਘ ਤਾਹਰਪੁਰ,ਸ.ਕਰਮਜੀਤ ਸਿੰਘ ਲਾਲੀ,,ਸ.ਦੀਵਾਨ ਸਿੰਘ,ਸ. ਜਰਮਨਜੀਤ ਸਿੰਘ ਉੱਦੋਨੰਗਲ, ,ਸ.ਅਨੂਜੀਤ ਸਿੰਘ ਵਾਲੀਆ,ਪ੍ਰਿੰ.ਮਨਦੀਪ ਸਿੰਘ,ਸ.ਅਮਨਪਾਲ ਸਿੰਘ,ਸ. ਕਿਰਨਦੀਪ ਸਿੰਘ,ਕੈਪਟਨ ਜੋਗਿੰਦਰ ਸਿੰਘ ਮੈ.ਗੁਰਬੀਰ ਕੌਰ,ਮੈ.ਹਰਪ੍ਰੀਤ ਕੌਰ ,ਸਰ ਮਨਪ੍ਰੀਤ ਸਿੰਘ ਟੱਕਰ , ਮਾਝਾ ਕਲੱਬ ਦੇ ਸਮੂਹ ਪੱਤਰਕਾਰ ਅਤੇ ਹੋਰ ਨਾਮੀ ਸ਼ਖਸ਼ੀਅਤਾਂ ਹਾਜ਼ਰ ਸਨ।

# ਰਾਸ਼ਟਰੀ ਲੋਕ ਅਦਾਲਤ ਦੌਰਾਨ 7595 ਕੇਸਾਂ ਦਾ ਨਿਪਟਾਰਾ ਕੀਤਾ ਗਿਆ

### ☛ 222807877 ਰੁਪਏ ਦੀ ਰਕਮ ਦੇ ਅਵਾਰਡ ਪਾਸ ਕੀਤੇ ਗਏ



**ਗੁਰਦਾਸਪੁਰ ਸ੍ਰੀ/ਹਰਗੋਬਿੰਦਪੁਰ ਸਾਹਿਬ ਜੀ 14 ਦਸੰਬਰ (ਕੁਲਜੀਤ ਸਿੰਘ ਖੋਖਰ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਅੱਜ ਸੈਸ਼ਨਜ਼ ਡਵੀਜਨ, ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲਾ ਵਿਖੇ ਨਿਆਇਕ ਅਧਿਕਾਰੀਆਂ ਦੇ ਕੁੱਲ 13 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ।

ਇਸ ਨੈਸ਼ਨਲ ਲੋਕ ਅਦਾਲਤ ਵਿੱਚ ਹੇਠ ਲਿਖੇ ਕਿਸਮਾਂ ਦੇ ਕੇਸ ਲਗਾਏ ਗਏ, ਜਿਵੇਂ ਕਿ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਕੇਸ ਸ਼ਾਮਲ ਸਨ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 11745 ਕੇਸ ਲਗਾਏ ਗਏ ਹਨ, ਜੋ ਕਿ ਵੱਖ-ਵੱਖ ਕੋਰਟਾਂ ਵਿੱਚ ਲੰਬਿਤ ਸਨ ਅਤੇ ਪ੍ਰੀ-ਲੀਟੀਗੇਟਿਵ ਕੇਸ ਸਨ, ਜਿਨਾਂ ਵਿੱਚੋਂ ਕੁੱਲ 7595 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 222807877 /- ਰੁਪਏ ਦੀ ਰਕਮ ਦੇ ਅਵਾਰਡ ਪਾਸ ਕੀਤੇ ਗਏ।

ਇਸ ਮੌਕੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲਾ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ, ਇਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਵਿੱਚ ਲਗਾਈ ਗਈ ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੁਆਰਾ ਨੈਸ਼ਨਲ ਲੋਕ ਅਦਾਲਤ ਦੇ ਮੌਕੇ ਤੇ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ ਕੈਂਪ ਕੋਰਟ ਦਾ ਆਯੋਜਨ ਕੀਤਾ ਗਿਆ ਅਤੇ ਇਸ ਕੈਂਪ ਕੋਰਟ ਦੌਰਾਨ ਅਦਾਲਤਾਂ ਵਿੱਚ ਚੱਲ ਰਹੇ (ਛੋਟੇ ਕੇਸਾਂ) ਦਾ ਨਿਪਟਾਰਾ ਕੀਤਾ ਗਿਆ ਅਤੇ ਹਵਾਲਾਤੀਆਂ ਨੂੰ ਸੇਧ ਦਿੱਤੀ ਗਈ ਕਿ ਉਹ ਚੰਗਾ ਰੁਜ਼ਗਾਰ ਅਪਨਾਉਣ ਤੇ ਦੁਬਾਰਾ ਕੋਈ ਵੀ ਗੈਰ ਕਾਨੂੰਨੀ ਕੰਮ ਨਾ ਕਰਨ।

## ‘ਭਾਸ਼ਾ ਦੂਤ ਸਨਮਾਨ’ ਨਾਲ ਨਵਾਜੇ ਗਏ ਗੁਰੂ ਨਾਨਕ ਪਬਲਿਕ ਸਕੂਲ ਰਜੌਰੀ ਗਾਰਡਨ ਦੇ ਵਿਦਿਆਰਥੀ



**ਨਵੀਂ ਦਿੱਲੀ 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:-ਗੁਰੂ ਨਾਨਕ ਪਬਲਿਕ ਸਕੂਲ ਰਜੌਰੀ ਗਾਰਡਨ ਵਿਖੇ ਸਕੂਲ ਦੀ ਸਪੈਸ਼ਲ ਅਸੈਂਬਲੀ ਵਿੱਚ ਜਮਾਤ ਦਸਵੀਂ ਦੇ ਹਿੰਦੀ ਅਤੇ ਪੰਜਾਬੀ ਭਾਸਾ ਦੇ ਵਿਦਿਆਰਥੀਆਂ ਦੇ ਨਾਲ ਭਾਸ਼ਾ ਅਧਿਆਪਕਾਂ ਨੂੰ ਵੀ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮਨਪ੍ਰੀਤ ਕੌਰ ਦੁਆਰਾ ਸਨਮਾਨਿਤ ਕੀਤਾ ਗਿਆ। ਬੀਤੀ 11 ਦਸੰਬਰ ਨੂੰ “ਡਾਕਟਰ ਅੰਬੇਡਕਰ ਇੰਟਰਨੈਸ਼ਨਲ ਸੈਂਟਰ” ਜਨਪਥ, ਨਵੀਂ ਦਿੱਲੀ ਵਿਖੇ “ਭਾਰਤੀ ਭਾਸ਼ਾ ਦਿਵਸ” ਦੇ ਅਵਸਰ ਤੇ “ਹਿੰਦੁਸਤਾਨ ਭਾਸ਼ਾ ਅਕਾਦਮੀ” ਅਤੇ “ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ” ਸੰਸਕ੍ਰਿਤੀ ਮੰਤਰਾਲੇ, ਭਾਰਤ ਸਰਕਾਰ ਦੇ ਆਪਸੀ ਸਹਿਯੋਗ ਨਾਲ “ਹੋਣਹਾਰ ਵਿਦਿਆਰਥੀ ਅਤੇ ਭਾਸ਼ਾ ਗੌਰਵ ਸ਼ਿਕਸ਼ਕ ਸਨਮਾਨ” ਦਾ ਆਯੋਜਨ ਕੀਤਾ ਗਿਆ ਸੀ। ਇਸ ਮੌਕੇ ਉੱਤੇ ਉਹਨਾਂ ਵਿਦਿਆਰਥੀਆਂ ਨੂੰ “ਭਾਸ਼ਾ ਦੂਤ ਸਨਮਾਨ” ਦਿੱਤਾ ਗਿਆ ਜਿਨ੍ਹਾਂ ਨੇ ਜਮਾਤ ਦੱਸਵੀਂ ਦੀ ਪਰੀਖਿਆ ਦੇ ਵਿੱਚ 90% ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਸੀ। ਇਸ ਮੌਕੇ ਕੁਲ੍ਹ ਨੌ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਸਨਮਾਨ ਸਮਾਰੋਹ ਵਿੱਚ ਗੁਰੂ ਨਾਨਕ ਪਬਲਿਕ ਸਕੂਲ ਰਜੌਰੀ ਗਾਰਡਨ ਦੇ ਕੁੱਲ 11 ਵਿਦਿਅਰਥੀਆਂ (ਹਿੰਦੀ ਤੇ ਪੰਜਾਬੀ) ਦੇ ਅਤੇ ਤਿੰਨ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਪੰਜਾਬੀ ਭਾਸ਼ਾ ਵਿੱਚ ਜਮਾਤ ਦਸਵੀਂ ਦੀ ਅਰਸ਼ਦੀਪ ਕੌਰ, ਗੁਰਮੁਖ ਸਿੰਘ, ਮਾਨਯਾ ਮਲਿਕ, ਪ੍ਰਭਲੀਨ ਕੌਰ, ਮੁਹੰਮਦ ਮੁਜਾਹਿਦ ਅੰਸਾਰੀ ਸ਼ਾਮਲ ਸਨ ਅਤੇ ਹਿੰਦੀ ਭਾਸ਼ਾ ਦੇ ਸੁਸ਼ਾਂਤ ਸ਼ਰਮਾ, ਸੰਗਯਾ ਅਗਰਵਾਲ, ਹਰਮਨ ਸਿੰਘ ਹੁੰਜਨ, ਅਰਸ਼ਦੀਪ ਕੌਰ, ਮਾਹੀ ਕੌਰ, ਭਵਲੀਨ ਕੌਰ ਸ਼ਾਮਲ ਸਨ। ਇਸਦੇ ਨਾਲ ਹੀ ਪੰਜਾਬੀ ਅਧਿਆਪਕ ਸਰਦਾਰਨੀ ਪ੍ਰਿਤਪਾਲ ਕੌਰ, ਜਸਜੀਤ ਕੌਰ ਅਤੇ ਹਿੰਦੀ ਅਧਿਆਪਿਕਾ ਸ਼੍ਰੀਮਤੀ ਜਸਬੀਰ ਕੌਰ ਨੂੰ ਵੀ “ਭਾਸ਼ਾ ਗੌਰਵ ਸਿਕਸ਼ਕ ਸਨਮਾਨ” ਦਿੱਤਾ ਗਿਆ। ਇਸ ਕਰਵਾਏ ਗਏ ਪ੍ਰੋਗਰਾਮ ਦਾ ਪ੍ਰਮੁੱਖ ਮਕਸਦ ਦੇਸ਼ ਦੀਆਂ ਵੱਖ ਵੱਖ ਭਾਸ਼ਾਵਾਂ ਪ੍ਰਤੀ ਸਨਮਾਨ ਦੀ ਭਾਵਨਾ ਨੂੰ ਵਿਕਸਿਤ ਕਰਨਾ ਅਤੇ ਲੋਕਾਂ ਨੂੰ ਜਾਗਰੂਕ ਬਣਾਉਣਾ ਹੈ।

ਗੁਰੂ ਅਤੇ ਚੇਲਾ

# ਅਧਿਆਪਕ ਅਤੇ ਵਿਦਿਆਰਥੀ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਦੋਸਤੋ ਮੈ ਆਪਣੇ ਇੱਕ ਬਹੁਤ ਹੀ ਵਧੀਆ ਗੁਰੂ (ਅਧਿਆਪਕਾ )ਦੀ ਗੱਲ ਕਰਨ ਜਾ ਰਿਹਾ ਹਾਂ ।ਜਿਸ ਨੇ ਮੈਨੂੰ ਮਾਤਾ ਪਿਤਾ ਤੋਂ ਬਾਅਦ ਸਕੂਲ ਵਿੱਚ ਪ੍ਰਾਇਮਰੀ ਸਕੂਲ ਦੀ ਸਿੱਖਿਆ ਦੋਰਾਨ ਕਿਸ ਤਰ੍ਹਾਂ ਦਾ ਪਿਆਰ ਦਿੱਤਾ ਜਿਸ ਦੀ ਬਦੌਲਤ ਅੱਜ ਮੈ ਜਿਸ ਮੁਕਾਮ ਤੇ ਹਾਂ ਇਹ ਉਹਨਾਂ ਦੀ ਪਿਆਰ ਅਤੇ ਇੱਕ ਵਿਦਿਆਰਥੀ ਪ੍ਰਤੀ ਆਪਣਾ ਗੁਰੂ ਹੋਣ ਦਾ ਫਰਜ਼ ਅਦਾ ਕਰਨ ਦੀ ਕਾਬਲੀਅਤ ਨੂੰ ਦਰਸਾਉਂਦਾ ਹੈ ਕਿ ਉਹ ਉਸ ਸਮੇਂ ਦੇ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਪੜਾਉਣ ਲਈ ਕਿੰਨੀ ਮਿਹਨਤ ਕਰਦੇ ਸਨ ਅਤੇ ਉਸ ਦੀਆਂ ਘਰ ਦੀਆਂ ਆਰਥਿਕ ਮੁਸ਼ਿਕਲਾਂ ਪ੍ਰਤੀ ਉਹ ਕਿੰਨੇ ਸੰਜੀਦਾ ਹੁੰਦੇ ਸਨ ।ਉਹਨਾਂ ਵਿੱਚ ਮੇਰੀ ਗੁਰੂ ਅਧਿਆਪਕਾ ਸ੍ਰੀਮਤੀ ਸੁਰਿੰਦਰ ਕੌਰ ਜੀ ਸਨ ਜੋ ਕਿ ਮੇਰੇ ਪਿੰਡ ਦੇ ਹੀ ਰਹਿਣ ਵਾਲੇ ਸਨ ਜੋ ਕਿ ਇੱਕ ਵਧੀਆ ਜਿੰਮੀਦਾਰ ਪਰਿਵਾਰ ਨਾਲ ਸਬੰਧਤ ਸਨ ।ਦੋਸਤੋ ਮੈਂ ਆਪਣੇ ਦੋ ਭਰਾਵਾਂ ਇੱਕ ਭੈਣ ਤੋਂ ਸਭਤੋ ਛੋਟਾ ਸੀ ਬਚਪਨ ਵਿੱਚ ਮੇਰੇ ਪਿਤਾ ਦਾ ਸਾਇਆ ਸਾਡੇ ਸਿਰ ਤੋਂ ਉੱਠ ਗਿਆ ਸੀ । ਸਾਡੀ ਘਰ ਦੀ ਆਰਥਿਕ ਹਾਲਤ ਬਹੁਤੀ ਵਧੀਆ ਨਹੀਂ ਸੀ ।ਮੇਰੇ ਸਭ ਤੋ ਵੱਡੇ ਭਰਾ ਨੂੰ ਨਾਨਕੇ ਘਰ ਮਾਮਾਂ ਨਾ ਹੋਣ ਕਰਕੇ ਮੇਰੇ ਭਰਾ ਨੂੰ ਮੇਰੇ ਨਾਨਾ ਨਾਨੀ ਆਪਣੇ ਕੋਲ ਲੈਗੇ ਜਿੱਥੇ ਉਹਨਾਂ ਨੇ ਉਸਨੂੰ ਵਧੀਆ ਸਿੱਖਿਆ ਦਿਵਾਈ ਉਹ ਬਹੁਤ ਹੀ ਸੂਝਵਾਨ ਤੇ ਹਰ ਇੱਕ ਪ੍ਰਤੀ ਬਹੁਤ ਚਿੰਤਕ ਵੀ ਸਨ ਇੱਕ ਵਧੀਆ ਆਗੂ ਅਤੇ ਇੱਕ ਵਧੀਆ ਅਧਿਆਪਕ ਵੀ ਰਿਹਾ ਖੈਰ ਮੈ ਆਪਣੀ ਗੱਲ ਦੱਸਦਾ ਹਾਂ ਕਿ ਬਾਪ ਦਾ ਸਿਰ ਤੋਂ ਸਾਇਆ ਉੱਠ ਜਾਣ ਕਰਕੇ ਮੈਨੂੰ ਛੋਟਾ ਹੋਣ ਕਰਕੇ ਸਾਰੇ ਰਿਸ਼ਤੇਦਾਰ ਬਹੁਤ ਪਿਆਰ ਕਰਦੇ ਸਨ ਭਾਵੇਂ ਸਮਝੋ ਉਹ ਮੇਰੀ ਮਾਂ ਦੇ ਦੁੱਖ ਨੂੰ ਘੱਟ ਕਰਨ ਲਈ ਕਰਦੇ ਸਨ ਮੈਂ ਕਦੇ ਕਿਸੇ ਮਾਸੀ ਕੋਲ ਕਦੇ ਕਿਸੇ ਮਾਸੀ ਕੋਲ ਮੇਰੀ ਮਾਂ ਦੋ ਭੈਣਾਂ ਸਨ ਪਰ ਮਾਂ ਦੇ ਚਾਚੇ ਦੀ ਕੁੜੀਆਂ ਤਿੰਨ ਸਨ ਉਹ ਵੀ ਮੈਨੂੰ ਬਹੁਤ ਪਿਆਰ ਕਰਦੀਆਂ ਸਨ ਉਹ ਵੀ ਆਪਣੇ ਕੋਲ ਲੈ ਜਾਇਆਂ ਕਰਨ ਕਦੇ ਨਾਨਕੇ ਚਲਿਆ ਜਾਇਆ ਕਰਾ ਇਸ ਤਰ੍ਹਾਂ ਇਹ ਸਿਲਸਿਲਾ ਚੱਲਦਾ ਰਿਹਾ ।ਉਹ ਮੈਨੂੰ ਪੜਨ ਲਗਾਉਦੇ ਮੈ ਥੋੜੇ ਦਿਨ ਜਾਂਦਾ ਪਰ ਫਿਰ ਕਿਸੇ ਹੋਰ ਮਾਸੀ ਕੋਲ ਚਲਾ ਜਾਂਦਾ ਅਖੀਰ ਮੈ ਆਪਣੇ ਪਿੰਡ ਆ ਗਿਆ ਮੈਨੂੰ ਸਕੂਲ ਦਾਖਲ ਕਰਵਾਇਆ ਗਿਆ ਮੈਂ ਸਕੂਲ ਜਾਣ ਲੱਗ ਗਿਆ ਮੇਰਾ ਦਾਖ਼ਲਾ ਮੇਰੀ ਇਸ ਅਧਿਆਪਕਾ ਕੋਲ ਹੋ ਗਿਆ ।ਇਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ ਇਹਨਾਂ ਦੇ ਦਿਲ ਚ ਹਰ ਬੱਚੇ ਪ੍ਰਤੀ ਬਹੁਤ ਪਿਆਰ ਸੀ ਦੋਸਤੋ ਮੈਂ ਪੰਜਵੀਂ ਜਮਾਤ ਪੁੱਜ ਗਿਆ ਪੜਦਾ ਹੋਇਆ। ਮੇਰੇ ਘਰ ਵਿੱਚ ਮੈਤੇ ਮੇਰੀ ਮਾਂ ਹੁੰਦੇ ਸੀ ਮੇਰੇ ਤੋਵੱਡਾ ਉਹ ਘਰ ਦੀਆਂ ਮਜ਼ਬੂਰੀਆਂ ਅਤੇ ਆਰਥਿਕ ਹਾਲਤ ਕਰਕੇ ਜਿੰਮੀਦਾਰਾਂ ਨਾਲ ਸਾਂਝੀ ਰਲਦਾ ਸੀ ਜਿਸ ਕਰਕੇ ਉਹ

ਆਵਾਜ਼ਿ ਕੌਮ AWAZE QAUM International Newspaper & WEB TV

ਪੜ ਨਹੀਂ ਸਕਿਆ ਮੇਰੀ ਭੈਣ ਵੀ ਵਿਆਹ ਦਿੱਤੀ ਗਈ ।ਮੇਰੀ ਮਾਂ ਨੂੰ ਇਕੱਲੀ ਹੋਣ ਕਰਕੇ ਸਾਰੇ ਪਾਸੇ ਆਪ ਹੀ ਜਾਣਾ ਪੈਂਦਾ ਸੀ ਘਰ ਦੇ ਕੰਮ ਵੀ ਆਪ ਹੀ ਕਰਦਾ ਸੀ ਦੋਸਤੋ ਮੈਪੰਜਵੀ ਜਮਾਤ ਤੋਂ ਭੱਜਣਾ ਸ਼ੁਰੂ ਕਰ ਦਿੱਤਾ ਕਦੇ ਜਾਣਾ ਹੀ ਨਾ ਰਾਹ ਚੋ ਮੁੜ ਆਉਣਾ ਮੇਰੀ ਮਾਂ ਨੇ ਸਵੇਰੇ ਹੀ ਖੇਤਾਂ ਚ ਕੰਮ ਕਰਨ ਚਲੇ ਜਾਣਾ ਜਾਂ ਕਮਾਦ ਗੋਲਣ ਇੱਕ ਦਿਨ ਮੈਂ ਸਕੂਲ ਨਾ ਗਿਆ ਮੇਰੀ ਇਸ ਅਧਿਆਪਕਾ ਨੇ ਆਪਣਾ ਬਣਾਇਆ ਫਲੈਗ ਸੁਕਾਇਡ ਭੇਜ ਦਿੱਤਾ ਜਿਸ ਵਿੱਚ ਮੇਰਾ ਭਰਾਵਾਂ ਤੋਂ ਵੀ ਵੱਧ ਪਿਆਰਾ ਦੋਸਤ ਜਗਤਾਰ ਸਿੰਘ ਜੋ ਕਿ ਉਹ ਵੀ ਇਸ ਅਧਿਆਪਕਾ ਕੋਲੋਂ ਪੜਕੇ ਇੱਕ ਬਿਜਲੀ ਬੋਰਡ ਚ ਲਾਇਨਮੈਨ ਲੱਗਿਆ ਸੀ ਪਰ ਕੁਦਰਤ ਨੇ ਉਹ ਮੇਰੇ ਤੋ ਬਹੁਤ ਸਮਾਂ ਪਹਿਲਾਂ ਵਿਛੋੜ ਦਿੱਤਾ ਉਹ ਹੁੰਦਾ ਸੀ ਉਸ ਨਾਲ ਦੋ ਚਾਰ ਵਿਦਿਆਰਥੀਆਂ ਹੋਰ ਹੋਣੇ ਉਹਨਾਂ ਨੇ ਮੈਂ ਲਭਦੇ ਲਭਦੇ ਸਿਵਿਆਂ ਦੀ ਝਾੜੀਆਂ ਚੋਂ ਫੜ ਲਿਆ ਮੈ ਬਹੁਤ ਰੋਇਆਂ ਕੁਰਲਾਇਆ ਪਰ ਇਸ ਸੁਕਾਇਡ ਨੇਮੇਰੀ ਨਹੀਂ ਸੁਣੀ ਖਿੱਚ ਧੂਅ ਕੇ ਸਕੂਲ ਵਿੱਚ ਲੈਣ ਆਏ ਇਸ ਅਧਿਆਪਕਾ ਨੇ ਮੈਨੂੰ ਥੋੜ੍ਹਾ ਘੂਰਿਆ ਅਤੇ ਮੈਂ ਕਲਾਸ ਵਿੱਚ ਬੈਠ ਗਿਆ। ਦੀ ਦੂਜੇ ਦਿਨ ਫਿਰ ਮੈਇਸ ਤਰ੍ਹਾਂ ਹੀ ਕੀਤਾ ਮੇਰੀ ਮਾਂ ਪਸ਼ੂਆਂ ਲਈ ਕਮਾਦ ਗੋਲਨ ਚਲੀ ਗਈ ਮੈਸੂਕੂਲ ਫਿਰ ਨਾ ਗਿਆ ਸਾਡੇ ਗੁਆਂਢ ਚ ਜਿੰਮੀਦਾਰਾਂ ਦੇ ਮੁੰਡਾ ਹੋਇਆ ਸੀ ਖ਼ੁਸਰੇ ਉਸ ਦੀ ਵਧਾਈ ਲੈਣ ਲਈ ਆਏ ਹੋਏ ਸੀ ਮੈ ਨੂੰ ਨੱਚਦੇ ਉਹਨਾਂ ਦੇਖਣ ਲੱਗ ਗਿਆ ਐਨੇ ਟਾਈਮ ਨੂੰ ਮੇਰੀ ਮਾਂ ਆ ਗਈ ਉਸ ਵੇਖਿਆ ਕਿ ਇਹ ਸਕੂਲ ਨਹੀ ਗਿਆ ਉਹ ਮੈਨੂੰ ਖਿੱਚਕੇ ਘਰ ਲੈ ਗਈ ਮੈਨੂੰ ਕਹਿਦੀ ਚੱਲ ਪੁੱਤ ਮੈਂ ਸਕੂਲ ਛੱਡਕੇ ਆਉਂਦੀ ਹਾਂ ਪਰ ਮੈਂ ਸਕੂਲ ਜਾਕੇ ਰਾਜ਼ੀ ਨਹੀਂ ਸੀ ਮੈਂ ਕਿਹਾ ਕਿ ਮੈਂ ਨਹੀਂ ਪੜਨਾ ਮੈ ਤਾਂ ਜਿੰਮੀਦਾਰਾਂ ਦੇ ਨਾਲ ਹੀ ਰਲਨਾ ਅਤੇ ਪਸੂ ਚਾਰਿਆ ਕਰੂ ਮੇਰੀ ਮਾਂ ਖਿੱਝ ਗਈ ਉਸ ਨੇ ਗੁੱਸੇ ਵਿੱਚ ਆਕੇ ਮੈਨੂੰ ਗੰਨਿਆਂ ਨਾਲ ਕੁੱਟਦੀ ਹੋਈ ਸਕੂਲ ਚ ਲੈ ਗਈ ਸਾਡਾ ਘਰ ਸਕੂਲ ਤੋਂ ਥੋੜ੍ਹੀ ਹੀ ਦੂਰੀ ਤੇ ਸੀ ਜਦੋਂ ਮੇਰੀ ਮਾਂ ਮੈਨੂੰ ਉਸ ਤਰ੍ਹਾਂ ਕੁੱਟਦੀ ਹੋਈ ਸਕੂਲ ਵਿੱਚ ਲੈਕੇ ਗਈ ਤਾਂ ਉਧਰੋਂ ਮੇਰੀ ਅਧਿਆਪਕਾ ਵੀ ਬਹੁਤ ਗੁੱਸੇ ਵਿੱਚ ਸੀ ਸਿਆਲ ਦੇ ਦਿਨ ਸਨ ਸਕੂਲ ਚ ਸਫੈਦੇ ਨਵੇਂ ਨਵੇਂ ਸਾਗੇ ਹੋਏ ਸੀ ।ਇਸ ਅਧਿਆਪਕਾ ਨੇ ਨੇ ਵੀ ਇੱਕ ਸਫੈਦੇ ਦੀ ਸਟੀ ਚੁੱਕ ਲਈ ਮੈਬਹੁਤ ਕੁਟਿਆ ਥੋੜੇ ਸਮੇਂ ਮੇਰੀ ਮਾਂ ਨੂੰ ਮੇਰੀ ਅਧਿਆਪਕਾ ਕਹਿਦੀ ਤੁਸੀਂ ਚਲੇ ਜਾਉ ਹੁਣ ਇਸ ਨੂੰ ਮੈ ਕਰਦੀ ਆ ਸਿੱਧਾ ਮੇਰੀ ਮਾਂ ਮੈਨੂੰ ਛੱਡ ਕੇ ਘਰ ਆ ਗਈ ਉਸ ਤੋਂ ਬਾਅਦ ਮੇਰੀ ਇਸ ਅਧਿਆਪਕਾ ਨੇ ਮੈਨੂੰ ਆਪਣੀ ਬੁੱਕਲ ਵਿਚ ਲਿਆ ਕਿਹਾ ਕਿ ਤੂੰ ਸਕੂਲੋ ਕਿਉ ਭੱਜਦਾ ਆ ਕੀ ਚਾਹੀਦਾ ਤੈਨੂੰ ਜੋ ਕੁਝ ਖਾਣ ਪਹਿਨਣ ਕਿਤਾਬਾਂ ਵਧੀਆ ਕੱਪੜੇ ਮੈਂ ਲੈਕੇ ਦੇਵਾਂਗੀ ਪਰ ਤੂੰ ਸਕੂਲੋ ਨਹੀਂ ਭੱਜਣਾ ਮੈਂ ਤੈਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਰੱਖਾਂਗੀ ਪਰ ਤੂੰ ਸਕੂਲੋ ਨਹੀਂ ਭੱਜਣਾ ।ਦੋਸਤੋ ਉਸ ਦਿਨ ਦੀ ਸਫੈਦੇ ਦੀ ਸਟੀ ਅਤੇ ਅਧਿਆਪਕਾਂ ਦੇ ਪਿਆਰ ਦੀ ਬਦੌਲਤ ਇਸ ਮੁਕਾਮ ਤੇ ਪੁੱਜਿਆ ਹਾਂ ਜੇਕਰ ਸ਼ਾਇਦ ਉਹ ਇੱਕ ਸਫ਼ੈਦੀ ਸਟੀ ਤੇ ਮਾਂ ਦੇ ਗੰਨਿਆਂ ਦੀ ਕੁੱਟ ਨਾ ਪੈਂਦੀ ਤਾਂ ਪਤਾ ਨਹੀਂ ਅੱਜ ਕਿੱਥੇ ਕੀ ਕਰਦੇ ਹੋਣਾ ਸੀ ਮੇਰੀ ਇਸ ਅਧਿਆਪਕਾ ਦਾ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਹਰ ਜਨਮ ਸ਼ੁਕਰਗੁਜਾਰ ਰਹਾਂਗਾ ਜਿੱਥੇ ਮੇਰੀ ਇਸ ਅਧਿਆਪਕਾ ਨੂੰ ਮੈ ਆਪਣੀ ਗੁਰੂ ਮੰਨਦਾ ਹਾਂ ਉਸ ਨਾਲ ਮੈਂ ਆਪਣੀ ਮਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸਿਜਦਾ ਕਰਦਾਂ ਹਾਂ ।ਦੋਸਤੋ ਅੱਜ ਬਹੁਤ ਲੰਮਾ ਸਮਾਂ ਬੀਤਣ ਤੋਂ ਬਾਅਦ ਮੇਰੀ ਇਸ ਅਧਿਆਪਕਾ ਗੁਰੂ ਨਾਲ ਮੋਬਾਈਲ ਫੋਨ ਤੇ ਵੀਡੀਓ ਕਾਲ ਰਾਹੀਂ ਗੱਲ ਹੋਈ ਹੈ ਉਹ ਬਹੁਤ ਸਮੇਂ ਤੋਂ ਪਟਿਆਲਾ ਚ ਰਹਿੰਦੇ ਉਂਝ ਉਹ ਅਮਰੀਕਾ ਰਹਿੰਦੇ ਹਨ ਪਰ ਕੱਲ ਉਹ ਪਿੰਡ ਵੀ ਆਏ ਸੀ ਪਰ ਮਿਲ ਨਹੀਂ ਸਕੇ ਡਿਊਟੀ ਹੋਣ ਕਰਕੇ ਰਾਤੀਂ ਉਹਨਾਂ ਦੇ ਭਤੀਜੇ ਨੇ ਮੈਨੂੰ ਦੱਸਿਆ ਕਿ ਤਾਈਂ ਤੇ ਤਾਇਆ ਜੀ ਆਏ ਸੀ ਪਿੰਡ ਉਹ ਚਲੇ ਗਏ ਪਟਿਆਲਾ ਤੁਸੀਂ ਫੋਨ ਤੇ ਕਰ ਲਿਉ ਗੱਲ ਉਹਨਾਂ ਨੇ ਮੈਨੂੰ ਫੋਨ ਨੰਬਰ ਦਿੱਤਾ ਮੈਂ ਅੱਜ ਹੀ ਸਵੇਰੇ ਦੋਵਾਂ ਨਾਲ ਗੱਲ ਕੀਤੀ ਉਹ ਬਹੁਤ ਖ਼ੁਸ਼ ਹੋਏ ਕਹਿੰਦੇ ਸਾਨੂੰ ਬਹੁਤ ਖੁਸ਼ੀ ਹੋਈ ਕਿ ਸਾਡਾ ਪੜਾਇਆ ਹੋਇਆ ਵਿਦਿਆਰਥੀ ਕਿੰਨੇ ਵਧੀਆ ਮੁਕਾਮ ਤੇ ਪੁੱਜਿਆ ਹੈ ।ਉਹਨਾਂ ਮੇਰੇ ਪਰਿਵਾਰ ਬਾਰੇ ਵੀ ਪੁੱਛਿਆ ਜਦੋਂ ਬੱਚਿਆਂ ਬਾਰੇ ਦੱਸਿਆ ਤਾਂ ਉਹ ਹੋਰ ਵੀ ਖ਼ੁਸ਼ ਹੋਏ ਕਹਿੰਦੇ ਤੂੰ ਤਾਂ ਵਧੀਆ ਬੇਟਾ ਐਨਾ ਕੁਝ ਹਾਸਲ ਕਰ ਲਿਆ ਸਾਡੇ ਵਿਦਿਆਰਥੀ ਨੇ ਮੈਂ ਹੱਸਦਿਆਂ ਕਿਹਾ ਕਿ ਇਹ ਗੁਰੂ ਜੀ ਸਫੈਦੇ ਦੀ ਛੋਟੀ ਦੀ ਕਰਾਮਾਤ ਹੈ ਉਹ ਹੱਸਦੇ ਕਹਿੰਦੇ ਚਲੋ ਮੇਰੇ ਕਿਸੇ ਬੱਚੇ ਨੇ ਮੇਰੀ ਸਫੈਦੇ ਦੀ ਛੋਟੀ ਤਾਂ ਯਾਦ ਰੱਖੀਂ ਕਹਿੰਦੇ ਬਹੁਤ ਘੱਟ ਵਿਦਿਆਰਥੀਆਂ ਹਨ ਅੱਜ ਕੱਲ ਜੋ ਆਪਣੇਅਧਿਆਪਕਾਂ ਨੂੰ ਯਾਦ ਕਰਦੇ ਹਨ ਅਤੇ ਸਤਿਕਾਰ ਕਰਦੇ ਹਨ ।ਦੋਸਤੋ ਇਹ ਸੀ ਮੇਰੀ ਗੁਰੂ ਅਧਿਆਪਕਾ ਤੇ ਮੇਰੀ ਛੋਟੀ ਜਿਹੀ ਸਟੋਰੀ ਪੜਕੇ ਦੱਸਣਾ ਕਿਵੇਂ ਲੱਗੀ ਚੰਗੀ ਲੱਗੀ ਤਾਂ ਵੱਧ ਤੋਂ ਵੱਧ ਸ਼ੇਅਰ ਤੇ ਕੂਮੈਂਟ ਜਰੂ ਕਰਨਾ ।ਗੁਰੂ ਦੀ ਇੱਜ਼ਤ ਕਰਨਾ ਸਾਡਾ ਇੱਕ ਫ਼ਰਜ਼ ਹੈ ।ਸੱਚ ਦੀ ਆਵਾਜ਼ ।

ਆਵਾਜ਼ਿ ਕੌਮ AWAZE QAUM International Newspaper & WEB TV

**-ਦਰਸ਼ਨ ਸਿੰਘ, 8360300879**

# ਨੈਸ਼ਨਲ ਲੋਕ ਅਦਾਲਤ 'ਚ ਹੋਇਆ 25956 ਕੇਸਾਂ ਦਾ ਨਿਪਟਾਰਾ

ਜੰਡਿਆਲਾ ਗੁਰੂ 14 ਦਸੰਬਰ ( ਕੁਲਵੰਤ ਸਿੰਘ ਵਿਰਦੀ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਜੀਆਂ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਅਮਰਿੰਦਰ ਸਿੰਘ ਗਰੇਵਾਲ, ਜਿਲ੍ਹਾ ਅਤੇ ਸੇਸ਼ਨਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਅਤੇ ਸ਼੍ਰੀ ਅਮਰਦੀਪ ਸਿੰਘ ਬੈਂਸ, ਸਿਵਲ ਜੱਜ-ਸਹਿਤ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜੀਆਂ ਦੇ ਯਤਨਾ ਸਦਕਾ ਅੱਜ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਹ ਨੈਸ਼ਨਲ ਲੋਕ ਅਦਾਲਤ ਜ਼ਿਲ੍ਹਾ ਕਚਹਿਰੀਆਂ ਅੰਮ੍ਰਿਤਸਰ ਅਤੇ ਇਸ ਦੇ ਨਾਲ ਤਹਿਸੀਲ ਅਜਨਾਲਾ ਅਤੇ ਬਾਬਾ ਬਕਾਲਾ ਸਾਹਿਬ ਵਿਖੇ ਵੀ ਲਗਾਈ ਗਈ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਦਿਵਾਨੀ ਅਤੇ ਫੌਜ਼ਦਾਰੀ ਅਦਾਲਤਾਂ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਚੈਕ ਬਾਉਂਸ, ਬੈਂਕ ਰਿਕਵਰੀ, ਜਮੀਨੀ ਵਿਵਾਦਾਂ, ਘਰੇਲੂ ਝਗੜੀਆਂ ਅਤੇ ਹੋਰ ਤਕਰੀਬਨ ਸਾਰੇ ਕਿਸਮਾਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਜ਼ਿਲ੍ਹਾ ਕਚਹਿਰੀਆਂ, ਅੰਮ੍ਰਿਤਸਰ ਅਤੇ ਤਹਿਸੀਲਾਂ ਅਜਨਾਲਾ ਅਤੇ ਬਾਬਾ ਬਕਾਲਾ ਸਾਹਿਬ ਵਿੱਚ ਕੁੱਲ 26 ਬੈਂਚ ਬਣਾਏ ਗਏ ਸਨ, ਜਿਸ ਵਿੱਚੋਂ 18 ਬੈਂਚ ਅੰਮ੍ਰਿਤਸਰ ਅਦਾਲਤਾਂ, 1 ਬੈਂਚ ਸਥਾਈ ਲੋਕ ਅਦਾਲਤ, 1 ਬੈਂਚ ਲੇਬਰ ਕੋਰਟ, 4 ਬੈਂਚ ਅਜਨਾਲਾ, 2 ਬੈਂਚ ਬਾਬਾ ਬਕਾਲਾ ਸਾਹਿਬ ਤਹਿਸੀਲਾਂ ਵਿੱਖੇ ਲਗਾਏ ਗਏ। ਪੁਲਿਸ ਵਿਭਾਗ ਵੱਲੋਂ ਵੀ ਮਹਿਲਾਂ ਕਾਉਂਸਲਿੰਗ ਸੇਲਾਂ ਵਿੱਚ ਪਰਿਵਾਰਿਕ ਝਗੜਿਆ ਦੇ ਨਿਪਟਾਰੇ ਵਾਸਤੇ ਲੋਕ ਅਦਾਲਤ ਬੈਂਚ ਲਗਾਏ ਗਏ। ਇਸ ਤੋਂ ਇਲਾਵਾ ਵੀ ਵੱਖ ਵੱਖ ਵਿਭਾਗਾਂ ਵੱਲੋਂ ਲੋਕ ਭਲਾਈ ਵਾਸਤੇ ਲੋਕ ਅਦਾਲਤ ਦੇ ਮਨੋਰਥ ਨੂੰ ਸਫਲ ਬਨਾਉਣ ਵਾਸਤੇ ਲੋਕ ਅਦਾਲਤ ਬੈਂਚ ਲਗਾਏ, ਜਿਨ੍ਹਾ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਦੇ ਸਾਰੇ ਬੈਂਚਾਂ ਵੱਲੋਂ ਕੁੱਲ 35316 ਕੇਸ ਸੁਣਵਾਈ ਵਾਸਤੇ ਰੱਖੇ ਗਏ ਸਨ, ਜਿਹਨਾਂ ਵਿੱਚੋਂ 25956 ਕੇਸਾਂ ਦਾ ਆਪਸੀ ਰਾਜੀਨਾਮੇ ਨਾਲ ਨਿਪਟਾਰਾ ਕਿਤਾ ਗਿਆ। ਇਸ ਦੋਰਾਣ ਮਾਣਯੋਗ ਜਿਲ੍ਹਾ ਅਤੇ ਸੇਸ਼ਨਜ਼ ਜੱਜ ਸ੍ਰੀ ਅਮਰਿੰਦਰ ਸਿੰਘ ਗਰੇਵਾਲ ਵੱਲੋਂ ਲੋਕਾਂ ਨੂੰ ਲੋਕ ਅਦਾਲਤ ਦੇ ਮਹੱਤਵ ਤੋ ਜਾਣੂ ਕਰਵਾਉਂਦੇ ਹੋਏ ਦੱਸਿਆ ਗਿਆ ਕੀ ਲੋਕ ਅਦਾਲਤ ਵਿੱਚ ਦੋਵਾਂ ਧਿਰਾਂ ਦਾ ਰਾਜੀਨਾਮੇ ਤਹਿਤ ਫੈਸਲਾ ਕਰਵਾਇਆ ਜਾਂਦਾ ਹੈ। ਲੋਕ ਅਦਾਲਤਾਂ ਰਾਹੀਂ ਸਸਤਾ ਤੇ ਛੇਤੀ ਇਨਸਾਫ ਮਿਲਦਾ ਹੈ। ਲੋਕ ਅਦਾਲਤਾਂ ਦੇ ਫੇਸਲੇ ਦੀ ਕੋਈ ਅਪੀਲ ਨਹੀ ਹੁੰਦੀ। ਦੋਹਾਂ ਧਿਰਾਂ ਵਿੱਚ ਪਿਆਰ ਵੱਧਦਾ ਹੈ। ਜਿਹੜੇ ਵਿਅਕਤੀ ਆਪਣੇ ਸਮਝੌਤੇ ਯੋਗ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹਨ ਉਹ ਸਬੰਧਤ ਅਦਾਲਤ ਵਿੱਚ ਜਿੱਥੇ ਉਨਾਂ ਦਾ ਕੇਸ ਲੰਭਿਤ ਹੈ, ਆਪਣੀ ਅਰਜ਼ੀ ਲਗਾਂ ਸਕਦੇ ਹਨ ਜਾਂ ਨਵੇ ਮਾਮਲੀਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਾਂ ਉਪ ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਦੇ ਦਫਤਰ ਵਿਖੇ ਆਪਣੀ ਅਰਜ਼ੀ ਦੇ ਸਕਦੇ ਹਨ ।ਸ਼੍ਰੀ ਅਮਰਦੀਪ ਸਿੰਘ ਬੈਂਸ, ਜੱਜ ਸਾਹਿਬ ਵੱਲੋ ਵੀ ਸੁਨੇਹਾ ਦਿੱਤਾ ਗਿਆ ਕੀ ਲੋਕ ਅਦਾਲਤ ਜਿਸ ਨੂੰ ਦੂਜੇ ਸ਼ਬਦਾ ਵਿੱਚ ਲੋਕ ਨਿਆਇਕ ਪ੍ਰਣਾਲੀ ਵੀ ਆਖਿਆ ਜਾਂਦਾ ਹੇ ਦੇ ਰਾਹੀਂ ਆਮ ਜਨਤਾ ਆਪਣੇ ਵਿਚਾਰ ਖੁੱਲ ਕੇ ਆਪਣੇ ਝਗੜੀਆਂ ਸਬੰਧੀ ਸਬੰਧਤ ਅਦਾਤਲ ਜਿੱਥੇ ਉਹਨਾ ਦਾ ਕੇਸ ਲੰਭਿਤ ਹੇ ਬਗੇਰ ਕਿਸੇ ਵਕੀਲ ਸਾਹਿਬਾਨ ਤੋਂ ਰੱਖ ਸਕਦੇ ਹਨ ਅਤੇ ਇਹਨਾਂ ਲੋਕ ਅਦਾਲਤਾਂ ਦੇ ਰਾਹੀਂ ਆਪਣੇ ਝਗੜੇ ਸ਼ਾਂਤ-ਮਈ ਢੰਗ ਨਾਲ, ਸ਼ਾਂਤ-ਮਈ ਵਾਤਾਵਰਨ ਵਿੱਚ ਮੁੱਕਾ ਸਕਦੇ ਹਨ। ਇਸ ਤਰ੍ਹਾਂ ਜਦੋਂ ਸ਼ਾਂਤ-ਮਈ ਢੰਗ ਨਾਲ ਕੇਸਾਂ ਦਾ ਨਿਪਟਾਰਾ ਹੁੰਦਾ ਹੇ ਤਾਂ ਸਮਾਜ ਵਿੱਚ ਭਾਈਚਾਰਕ ਸਾਂਝ ਬਣੀ ਰਹਿੰਦੀ ਹੇ, ਲੋਕਾਂ ਦਾ ਆਪਸ ਵਿੱਚ ਪਿਆਰ ਵੱਧਦਾ ਹੇ ਅਤੇ ਅਦਾਲਤਾ ਦਾ ਵੀ ਵਾਧੂ ਦੇ ਝਗੜਿਆ ਦਾ ਬੋਝ ਘੱਟਦਾ ਹੈ, ਲੋਕ ਅਦਾਲਤਾਂ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਧਿਰਾਂ ਨੂੰ ਵਾਪਸ ਮਿਲ ਜਾਂਦੀ ਹੈ। ਸਫਲਤਾ ਦੀਆਂ ਕਹਾਣੀਆਂ:ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਇਕ ਦਿਵਾਨੀ ਝਗੜਾ ਜਿਸ ਵਿੱਚ ਦੋਹਾਂ ਧਿਰਾਂ ਕਾਫੀ ਲੰਮੇ ਸਮੇਂ ਤੋਂ ਅਦਾਲਤ ਵਿੱਚ ਮੁੱਕਦਮਾ ਝਗੜ ਰਹੀਆਂ ਸਨ ਵਿੱਚ ਰਾਜੀਨਾਮਾ ਅਤੇ ਇਕ ਹੋਰ ਸਟੇਟ ਬੈਂਕ ਆਫ ਇੰਡੀਆ ਦਾ 10 ਲੱਖ ਦੀ ਰਿਕਵਰੀ ਦਾ ਮੁਕੱਦਮਾ, ਇਹਨਾ ਝਗੜੀਆਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ 3 ਲੱਖ 70 ਹਜਾਰ ਵਿੱਚ ਅਦਾਲਤ ਮਿਸ ਸੁਪਰੀਤ ਕੌਰ, ਜੱਜ ਸਾਹਿਬ ਵੱਲੋਂ ਕਰਵਾਇਆ ਗਿਆ। ਇਸ ਦੇ ਨਾਲ ਹੀ ਇੱਕ 70 ਲੱਖ ਦੇ ਚੈੱਕ ਬਾਊਂਸ ਦਾ ਮੁਕਦਮਾਂ, ਵਰੀਸ਼ ਕੁਮਾਰ ਹੁਰੀਆਂ ਬਨਾਮ ਮਹੇਸ਼ ਬੱਬਰ, ਅਦਾਲਤ ਸ਼੍ਰੀ ਗਗਨਦੀਪ ਸਿੰਘ, ਕੈਂਥ ਜੱਜ, ਵੱਲੋਂ 30 ਲੱਖ ਵਿੱਚ ਦੋਹਾਂ ਧਿਰਾ ਦੀ ਰਜਾਮੰਦੀ ਨਾਲ ਨਿਭੜੀਆ। ਇਸੇ ਤਰ੍ਹਾਂ ਹੀ ਇਕ ਚੈੱਕ ਬਾਊਂਸ ਦੇ ਮੁਕਦਮੇਂ ਦਾ ਫੇਸਲਾ ਮਿਸ ਨਿਲਮ ਜੱਜ ਸਾਹਿਬ ਵੱਲੋਂ 26 ਲੱਖ 45 ਹਜਾਰ ਵਿੱਚ ਕਰਵਾਇਆ ਗਿਆ। ਇਸ ਦੇ ਨਾਲ ਲੋਕ ਅਦਾਲਤਾਂ ਦੇ ਮੁੱਢਲੇ ਟੀਚੇ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਸਮਝੌਤੀਆਂ ਰਾਹੀਂ ਝਗੜੀਆਂ ਦਾ ਨਿਪਟਾਰਾ ਕਰਨਾ ਨੂੰ ਪੂਰਾ ਕੀਤਾ ਗਿਆ। ਜਿਸ ਕਾਰਨ ਪਾਰਟੀਆਂ ਦਾ ਕੀਮਤੀ ਸਮਾਂ ਅਤੇ ਪੈਸੇ ਦੀ ਬਚਤ ਹੋਈ।



ਆਵਾਜ਼ਿ ਕੌਮ AWAZE QAUM International Newspaper & WEB TV

# ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ ਨੇ ਲੋਕਾਂ ਨਾਲ ਕੀਤੀਆਂ ਦਿਲ ਦੀਆਂ ਗੱਲਾਂ

## ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਸੁਣੀਆਂ ਪਿੰਡ ਦੀਆਂ ਸਮੱਸਿਆਂਵਾਂ





**ਹਠੂਰ/ਜਗਰਾਉਂ -(ਵਰਿਆਮ ਹਠੂਰ)**-ਸਰਪੰਚੀ ਦੀ ਚੋਣ ਹਾਰਨ ਤੋਂ ਬਾਅਦ ਪਹਿਲੀ ਵਾਰ ਸਤਿਕਾਰਯੋਗ ਸ਼ਖ਼ਸੀਅਤ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਨਗਰ ਦੇ ਲੋਕਾਂ ਦਾ ਇਕੱਠ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਕੀਤਾ ਤੇ ਨਗਰ ਦੇ ਲੋਕਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ, ਇਸ ਮੌਕੇ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਨੇ ਨਗਰ ਦੇ ਲੋਕਾਂ ਦਾ ਇਕੱਠ ਧੜੇਬੰਦੀ ਨੂੰ ਖਤਮ ਕਰਨ ਲਈ ਤੇ ਨਗਰ ਦੀ ਭਲਾਈ ਲਈ ਕੀਤਾ ਹੈ। ਤਾਂ ਜੋ ਕਿਸੇ ਦੇ ਮਨ ਵਿੱਚ ਗਿਲਾ ਸ਼ਿਕਵਾ ਨਾ ਰਹੇ, ਇਸ ਲਈ ਮੈਂ ਅਤੇ ਮੇਰੀ ਟੀਮ ਨਗਰ ਨੂੰ ਖ਼ੂਬਸੂਰਤ ਬਣਾਉਣ ਲਈ ਗ੍ਰਾਮ ਪੰਚਾਇਤ ਦਾ ਦਿਲ ਤੋਂ ਤਨ ਮਨ ਧਨ ਨਾਲ ਸਹਿਯੋਗ ਕਰੇਗੀ, ਉਨ੍ਹਾਂ ਪਿੰਡ ਦੀ ਕੁਝ ਪੰਚਾਇਤੀ ਜ਼ਮੀਨ ਜੋ ਸਾਂਝੀ ਖੇਤੀ ਗਰੁੱਪ ਨੇ ਠੇਕੇ ਤੇ ਲਈ ਹੋਈ ਹੈ। ਉਸ ਦੇ ਖਰਚੇ ਅਤੇ ਮੁਨਾਫ਼ੇ ਸਬੰਧੀ ਵੀ ਨਗਰ ਦੇ ਲੋਕਾਂ ਨੂੰ ਚਾਨਣਾ ਪਾਇਆ, ਜਿਸ ਦਾ ਪੈਸਾ ਨਗਰ ਦੀ ਭਲਾਈ ਲਈ ਖ਼ਰਚ ਕੀਤਾ ਜਾਵੇਗਾ, ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਨਾਲ ਲੱਗਦੇ ਛੱਪੜ ਦੇ ਨਰਕ ਵਰਗੇ ਹਾਲਾਤਾਂ ਸਬੰਧੀ ਵੀ ਲੋਕਾਂ ਨਾਲ ਵਿਚਾਰ ਚਰਚਾ ਕੀਤੀ, ਉਨ੍ਹਾਂ ਕਿਹਾ ਕਿ ਜੇ ਗ੍ਰਾਮ ਪੰਚਾਇਤ ਅੱਗੇ ਲੱਗੇ ਅਤੇ ਅਸੀਂ ਸਾਰੇ ਗ੍ਰਾਮ ਪੰਚਾਇਤ ਦਾ ਰਲ ਮਿਲ ਕੇ ਸਹਿਯੋਗ ਕਰਾਂਗੇ, ਇਸ ਤੋਂ ਇਲਾਵਾ ਸਕੂਲ ਵਿੱਚ ਟੀਚਰਾਂ ਦੀ ਸਮੱਸਿਆ ਅਤੇ ਸਿਵਲ ਹਸਪਤਾਲ ਵਿੱਚ ਸਟਾਫ਼ ਦੀ ਸਮੱਸਿਆ ਦੀ ਜੋ ਤਲਵਾਰ ਲਟਕ ਰਹੀ ਹੈ। ਉਸ ਦਾ ਵੀ ਗ੍ਰਾਮ ਪੰਚਾਇਤ ਨਾਲ ਸਾਰੇ ਰਲ ਮਿਲ ਕੇ ਹੱਲ ਕੱਢਣ ਲਈ ਆਪਣਾ ਅਹਿਮ ਰੋਲ ਅਦਾ ਕਰੀਏ, ਪਿੰਡ ਵਿੱਚ ਬੰਦ ਪਏ ਪਸ਼ੂਆਂ ਵਾਲੇ ਹਸਪਤਾਲ ਸਮੇਤ ਨਗਰ ਦੀ ਭਲਾਈ ਲਈ ਅਨੇਕਾਂ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਗਈ, ਉਨ੍ਹਾਂ ਕਿਹਾ ਕਿ ਅੱਜ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਕਿਸੇ ਜ਼ਰੂਰੀ ਮਸਲੇ ਤੇ ਗਏ ਹੋਣ ਕਾਰਨ ਇਕੱਠ ਵਿੱਚ ਨਹੀਂ ਪਹੁੰਚ ਸਕੇ, ਪਰ ਉਨ੍ਹਾਂ ਨਾਲ ਜ਼ਰੂਰੀ ਵਿਸ਼ਿਆਂ ਸਬੰਧੀ ਗੱਲਬਾਤ ਹੋਈ ਹੈ। ਨਗਰ ਦੇ ਲੋਕ ਇਹ ਨਾਂ ਸਮਝਣ ਕਿ ਸਰਪੰਚ ਸਾਹਿਬ ਦੀ ਗ਼ੈਰਹਾਜ਼ਰੀ ਕਿਉਂ ਹੈ। ਨਗਰ ਦੀ ਭਲਾਈ ਲਈ ਮੈਂ ਅਤੇ ਮੇਰੀ ਟੀਮ ਮੌਜੂਦਾ ਗ੍ਰਾਮ ਪੰਚਾਇਤ ਦਾ ਸਹਿਯੋਗ ਕਰੇਗੀ, ਜਦ ਵੀ ਗ੍ਰਾਮ ਪੰਚਾਇਤ ਨਗਰ ਦੀ ਭਲਾਈ ਲਈ ਯਾਦ ਕਰੇਗੀ ਤਨ ਮਨ ਧਨ ਨਾਲ ਸਹਿਯੋਗ ਕਰਾਂਗੇ, ਇਸ ਮੌਕੇ ਆਮ ਆਦਮੀ ਪਾਰਟੀ ਤੋਂ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਵੀ ਹਾਜ਼ਰੀ ਭਰੀ, ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਨਾਲ ਲੱਗਦੇ ਛੱਪੜ ਦੇ ਮਾੜੇ ਹਾਲਾਤਾਂ ਤੋਂ ਜਿੱਥੇ ਬੀਬੀ ਸਰਵਜੀਤ ਕੌਰ ਮਾਣੂੰਕੇ ਨੂੰ ਜਾਣੂੰ ਕਰਵਾਇਆ, ਉੱਥੇ ਸਕੂਲ ਵਿੱਚ ਟੀਚਰਾਂ ਦੀ ਰੜਕ ਰਹੀ ਘਾਟ, ਅਤੇ ਸਿਵਲ ਹਸਪਤਾਲ ਵਿੱਚ ਲੋੜੀਂਦੀਆਂ ਸਹੂਲਤਾਂ ਅਤੇ ਡਾਕਟਰਾਂ ਦੀ ਘਾਟ ਸਬੰਧੀ ਜਾਣੂੰ ਕਰਵਾਇਆ, ਅਤੇ ਬੰਦ ਪਏ ਪਸ਼ੂਆਂ ਵਾਲੇ ਹਸਪਤਾਲ ਅਤੇ ਬੰਦ ਪਏ ਸੇਵਾ ਕੇਂਦਰ ਵੀ ਵਿਸਥਾਰ ਪੂਰਵਕ ਜਾਣੂੰ ਕਰਵਾਇਆ, ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਹੱਲ ਕਰਵਾਉਣ ਲਈ ਭਰੋਸਾ ਦਵਾਇਆ, ਅਤੇ ਹੋਰ ਲੋਕਾਂ ਦੀਆਂ ਸਮੱਸਿਆਂਵਾਂ ਵੀ ਸੁਣੀਆਂ, ਇਸ ਮੌਕੇ ਆਮ ਆਦਮੀ ਪਾਰਟੀ ਤੋਂ ਪ੍ਰਮਿੰਦਰ ਸਿੰਘ ਹਠੂਰ, ਪ੍ਰਧਾਨ ਤਰਸੇਮ ਸਿੰਘ ਹਠੂਰ, ਪੰਚ ਜਗਦੇਵ ਸਿੰਘ ਬੱਬੂ ਗਰੇਵਾਲ, ਹਾਕੀ ਕੋਚ ਰੇਸ਼ਮ ਸਿੰਘ ਪਾਲ, ਹਾਕੀ ਕੋਚ ਪ੍ਰੀਤਮ ਸਿੰਘ ਹਠੂਰ, ਪਰਮਜੀਤ ਸਿੰਘ ਬੇਦੀ, ਹਰਪ੍ਰੀਤ ਸਿੰਘ ਖਾਲਸਾ, ਮੁਖਤਿਆਰ ਸਿੰਘ ਖਾਲਸਾ, ਭਾਗ ਸਿੰਘ ਧਾਲੀਵਾਲ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ ਬਬਲਾ, ਬੱਬੂ ਹਠੂਰ, ਤਾਰੀ ਗਰੇਵਾਲ, ਸਮੇਤ ਨਗਰ ਦੇ ਅਨੇਕਾਂ ਵਸਨੀਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਨੂੰ ਸੋਹਣਾ ਅਤੇ ਨਸ਼ਾ ਮੁਕਤ ਕਰਨਾ ਮੇਰਾ ਮੁੱਖ ਮਕਸਦ ਸਰਪੰਚ ਜੱਗਾ ਭੋਜੋਵਾਲੀ



ਧੂਰੀ ( ਰਣਜੀਤ ਸਿੰਘ ਪੇਧਨੀ ) ਨੇੜਲੇ ਪਿੰਡ ਭੋਜਵਾਲੀ ਵਿਖੇ ਪਿੰਡ ਵਾਸੀਆਂ ਨੌਜਵਾਨਾਂ, ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਪਾਣੀ ਨੂੰ ਬਚਾਉਣ ਲਈ ਪ੍ਰੇਰਿਤ ਕਰਦਿਆਂ ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਪ੍ਰਧਾਨ ਸਰਪੰਚ ਜਗਸੀਰ ਸਿੰਘ ਜੱਗਾ ਭੋਜੋਵਾਲੀ ਨੇ ਕਿਹਾ ਕਿ ਨਸ਼ਿਆਂ ਦੇ ਪ੍ਰਕੋਪ ਨੂੰ ਠੱਲ੍ਹ ਪਾਉਣ ਲਈ ਇਕੱਠੇ ਹੋਕੇ ਸਾਰੇ ਨਗਰ ਨੂੰ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਿੰਡ ਨੂੰ ਸੁੰਦਰ ਬਣਾਉਣਾ ਅਤੇ ਨਸ਼ਾ ਮੁਕਤ ਕਰਨਾ ਮੇਰਾ ਮੁੱਖ ਮਕਸਦ ਹੈ ਅਤੇ ਧੂਰੀ ਹਲਕੇ ਵਿਚੋਂ ਪਿੰਡ ਨੂੰ ਸਹੂਲਤਾਂ ਨਾਲ ਲੈਸ ਕਰਕੇ ਨਮੂਨੇ ਦਾ ਪਿੰਡ ਹਲਕੇ ਚੋ ਪਹਿਲਾ ਪਿੰਡ ਬਣਾਇਆ ਜਾਵੇਗਾ। ਇਸ ਮੌਕੇ ਪੰਚਾਇਤ ਯੂਨੀਅਨ ਦੇ ਜਰਨਲ ਸਕੱਤਰ ਸਰਪੰਚ ਜਸਵੀਰ ਦਾਸ ਢਢੋਗਲ ਸਰਪੰਚ ਗੋਪੀ ਮੀਮਸਾ, ਸਰਪੰਚ ਸਿਮਰਨਜੀਤ ਸਿੰਘ ਕਾਲਾ ਬਟੂਹਾ , ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਅਮਨਦੀਪ ਸਿੰਘ ਰਣੀਕੇ, ਸਰਪੰਚ ਜਗਜੀਤ ਸਿੰਘ ਕੱਕੜਵਾਲ , ਸਰਪੰਚ ਬਲਵੀਰ ਸਿੰਘ ਈਸੀ, ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਰਵਿੰਦਰ ਕੁਮਾਰ ਰਿੰਕਾ ਹਸਨਪੁਰ , ਸਰਪੰਚ ਗੁਰਮੇਲ ਸਿੰਘ ਬੁਰਜ ਗੌਹਰਾ, ਸਰਪੰਚ ਲਾਲੀ ਬੰਗਾਵਾਲੀ, ਸਰਪੰਚ ਅਮਨਦੀਪ ਸਿੰਘ ਖਹਿਰਾ , ਸਰਪੰਚ ਬਹਾਦਰ ਸਿੰਘ ਭਸੌੜ, ਸਰਪੰਚ ਗੋਗਾ ਦੁਗਨੀ, ਸਰਪੰਚ ਡਾ ਅਮਨ ਜਾਤੀਮਾਜਰਾ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਰਾਮ ਜੀ ਨੱਤ, ਸਰਪੰਚ ਗੁਰਸੇਵਕ ਸਿੰਘ ਕੁੰਭੜਵਾਲ, ਰਣਜੀਤ ਸਿੰਘ ਧੰਦੀਵਾਲ, ਮਾਣਾ ਗਰੇਵਾਲ, ਕੁਲਦੀਪ ਸਿੰਘ ਬੁੱਟਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਹਰਿਆਣਾ ਦੇ ਬਾਰਡਰਾਂ ਤੇ ਕਿਸਾਨਾਂ ਨਾਲ ਸਖ਼ਤ ਕਰਨ ਹਿੱਤ ਆਸਪਾਸ ਦੇ

# ਕਈ ਪਿੰਡਾਂ ਵਿੱਚ ਨੈਟਵਰਕ ਸੇਵਾਵਾਂ ਬੰਦ ਕਰਨਾ ਨਿੰਦਣਯੋਗ : ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ, 14 ਦਸੰਬਰ ( ਕੁਲਵੰਤ ਸਿੰਘ ਵਿਰਦੀ)**-ਖਨੌਰੀ ਬਾਰਡਰ ਤੇ ਮਰਨ ਵਰਤ ਤੇ ਬੈਠੇ ਡੱਲੇਵਾਲ ਦੀ ਹਾਲਾਤ ਗੰਭੀਰ ਤੇ ਨਾਜ਼ੁਕ ਸਥਿਤੀ ਵਿਚ ਹੈ ਅਤੇ ਇਸ ਸਬੰਧੀ ਉੱਚ ਅਦਾਲਤ ਸੁਪਰੀਮ ਕੋਰਟ ਨੇ ਵੀ ਡੱਲੇਵਾਲ ਦੇ ਮਰਨ ਨੂੰ ਲੈਕੇ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਮਸਲੇ ਹੱਲ ਕਰਨ ਦੇ ਹੁਕਮ ਦਿੱਤੇ ਹਨ, ਖਨੌਰੀ ਬਾਰਡਰ ਤੇ ਕਿਸਾਨਾ ਦੀ ਗਿਣਤੀ ਵਧਦੀ ਜਾ ਹਹੀ ਹੈ ਅਤੇ ਡੱਲੇਵਾਲ ਨੇ ਆਪਣਾਂ ਮਰਨ ਵਰਤ ਜਾਰੀ ਰੱਖਣ ਲਈ ਸਪੱਸ਼ਟ ਕਰ ਦਿੱਤਾ ਹੈ, ਦੂਜੇ ਪਾਸੇ ਸ਼ੰਭੂ ਬਾਰਡਰ ਤੇ ਕਿਸਾਨਾ ਦਾ 101 ਮੈਂਬਰੀ ਜਥਾ ਸ਼ਾਂਤਮਈ ਢੰਗ ਨਾਲ ਦਿੱਲੀ ਨੂੰ ਕੂਚ ਕਰਨ ਲਈ ਰਵਾਨਾ ਹੋਇਆ ਤਾਂ ਉਹਨਾਂ ਪੰਜਾਬ ਪੁਲਿਸ ਤੇ ਹਰਿਆਣਾ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਇਸ ਦੌਰਾਨ ਅੰਬਾਲਾ ਦੇ ਡੀਸੀ ਤੇ ਕਿਸਾਨ ਸੰਘਰਸ਼ੀਆਂ'ਚ ਮੀਟਿੰਗ ਹੋਈ ਤੇ ਕੋਈ ਸਿੱਟਾ ਨਾ ਨਿਕਲਨ ਦੀ ਸੂਰਤ ਵਿੱਚ ਹਰਿਆਣਾ ਪੁਲਿਸ ਨੇ ਪਹਿਲਾਂ ਦੀ ਤਰਾਂ ਕਿਸਾਨਾਂ ਨੂੰ ਰੋਕਣ ਲਈ ਵਾਟਰ ਕੈਨਲ ਦੀਆਂ ਬੁਛਾੜਾਂ ਕੀਤੀਆਂ ਤੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਤਾਕਤ ਵਰਤੀ,ਅਜਿਹੀ ਸਥਿਤੀ ਵਿੱਚ ਜਦੋਂ ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰਨ ਤੋਂ ਟਾਲਮਟੋਲ ਕਰ ਰਹੀ ਹੈ ਅਤੇ ਡੱਲੇਵਾਲ ਦਾ ਮਰਨ ਵਰਤ ਸਰਕਾਰ ਦੀ ਗਲੇ ਦੀ ਹੱਡੀ ਬਣਿਆ ਪਿਆ ਹੈ ਕਿਉਂਕਿ ਅਗਰ ਡੱਲੇਵਾਲ ਨਾਲ ਭਾਣਾਂ ਵਰਤਦਾ ਹੈ ਤਾਂ ਸਥਿਤੀ ਬਹੁਤ ਵਿਗੜ ਸਕਦੀ ਹੈ ਜਿਸ ਤੋਂ ਬਚਣ ਲਈ ਹਰਿਆਣਾ ਤੇ ਪੰਜਾਬ ਪੁਲਿਸ ਕਦੇ ਵੀ ਡੱਲੇਵਾਲ ਨੂੰ ਰਾਤ ਦੇ ਸਮੇਂ ਸੁਰੱਖਿਆ ਬਲਾਂ ਰਾਹੀਂ ਚੁੱਕ ਸਕਦੀ ਹੈ ਅਤੇ ਇਸੇ ਹੀ ਕਰਕੇ ਸਰਕਾਰ ਆਸਪਾਸ ਦੇ ਕਈ ਪਿੰਡਾਂ ਵਿੱਚ ਇੰਟਰਨੈਟ ਸੇਵਾਵਾਂ ਬੰਦ ਦਿਤੀਆਂ ਹਨ ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸਾਹੀ ਅਤੇ ਆਸਪਾਸ ਦੇ ਪਿੰਡਾਂ ਦੀਆਂ ਇੰਟਰਨੈਟ ਸੇਵਾਵਾਂ ਬੰਦ ਕਰਨ ਦੀ ਨਿੰਦਾ ਕੀਤੀ ਅਤੇ ਮੰਗ ਕੀਤੀ ਕਿ ਕਿਸਾਨਾਂ ਨੂੰ ਸ਼ਾਂਤਮਈ ਢੰਗ ਨਾਲ ਦਿੱਲੀ ਨੂੰ ਪੈਦਲ ਮਾਰਚ ਕਰਨ ਦੀ ਖੁੱਲ ਦਿੱਤੀ ਜਾਵੇ ਦੇ ਨਾਲ ਨਾਲ ਉਨ੍ਹਾਂ ਦੀ ਸਾਰੀਆਂ ਮੰਗਾਂ ਪ੍ਰਵਾਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਜਾਵੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਵੱਲੋਂ ਦਿੱਲੀ ਜਾਣ ਤੋਂ ਰੋਕਣ ਪਾਣੀ ਦੀਆਂ ਬੁਛਾੜਾਂ ਤੇ ਸੁਰੱਖਿਆ ਬਲਾ ਰਾਹੀਂ ਰੋਕਣ ਅਤੇ ਖਨੌਰੀ ਤੇ ਸ਼ੰਭੂ ਬਾਰਡਰ ਦੇ ਆਸਪਾਸ ਦੇ ਕਈ ਪਿੰਡਾਂ ਦੀਆਂ ਇੰਟਰਨੈਟ ਸੇਵਾਵਾਂ ਬੰਦ ਕਰਨ ਦੀ ਨਿੰਦਾ ਤੇ ਰਾਤ ਸਮੇਂ ਡੱਲੇਵਾਲ ਨੂੰ ਚੁੱਕ ਲੈਣ ਦਾ ਖਦਸ਼ਾ ਜ਼ਾਹਰ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਭਾਈ ਖਾਲਸਾ ਨੇ ਸਪੱਸ਼ਟ ਕੀਤਾ ਸਰਕਾਰ ਡੱਲੇਵਾਲ ਦੇ ਮਰਨ ਵਰਤ ਤੇ ਉਹਨਾਂ ਦੀ ਵਿਗੜ ਰਹੀ ਹਾਲਤ ਤੋਂ ਗਹਿਰੀ ਚਿੰਤਤ ਹੈ ਅਤੇ ਉਹ ਕਿਸੇ ਵਕਤ ਵੀ ਰਾਤ ਸਮੇਂ ਸੁਰੱਖਿਆ ਬਲਾਂ ਰਾਹੀਂ ਚੁੱਕ ਸਕਦੀ ਹੈ ਕਿਉਂਕਿ ਸਰਕਾਰ ਨੂੰ ਪਤਾ ਹੈ ਕਿ ਅਗਰ ਡੱਲੇਵਾਲ ਨੂੰ ਕੁਝ ਹੋ ਗਿਆ ਤਾਂ ਬਹੁਤ ਗੰਭੀਰ ਸੰਕਟ ਪੈਦਾ ਹੋ ਜਾਵੇਗਾ ਇਸ ਕਰਕੇ ਸਰਕਾਰ ਉਸ ਤੋਂ ਪਹਿਲਾਂ ਪਹਿਲਾਂ ਕੁਝ ਸਖ਼ਤ ਐਕਸ਼ਨ ਲੈ ਸਕਦੀ ਹੈ ਭਾਈ ਖਾਲਸਾ ਨੇ ਕਿਹਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਸਰਕਾਰ ਦੀ ਕਿਸਾਨ ਵਿਰੋਧੀ ਨੀਤੀਆਂ ਦੀ ਜ਼ੋਰਦਾਰ ਸ਼ਬਦਾਂ'ਚ ਨਿੰਦਾ ਕਰਦੀ ਹੋਈ ਮੰਗ ਕਰਦੀ ਹੈ ਕਿ ਸਰਕਾਰ ਕਿਸਾਨਾਂ ਨੂੰ ਦਿੱਲੀ ਜਾ ਕੇ ਆਪਣੀਆਂ ਮੰਗਾਂ ਸਬੰਧੀ ਸ਼ਾਂਤਮਈ ਸੰਘਰਸ਼ ਕਰਨ ਦੀ ਆਗਿਆ ਦੇਵੇ ਜੋਂ ਸੰਵਿਧਾਨ ਹੱਕ ਹੈ ਅਤੇ ਕਿਸਾਨਾਂ ਤੇ ਸਖ਼ਤੀ ਕਰਨ ਦੀ ਬਜਾਏ ਮੰਗਾਂ ਪ੍ਰਵਾਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਜਾਵੇ, ਇਸ ਮੌਕੇ ਤੇ ਭਾਈ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ ਭਾਈ ਜੋਗਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਫਿਰੋਜ਼ਪੁਰ ਭਾਈ ਸਿੰਦਾ ਸਿੰਘ ਨਿਹੰਗ ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ ਭਾਈ ਦਿਲਬਾਗ ਸਿੰਘ ਬਾਗੀ ਗੁਰਦਾਸਪੁਰ ਭਾਈ ਜਗਜੀਤ ਸਿੰਘ ਸੈਦੇਸਾਹ ਆਦਿ ਆਗੂ ਹਾਜਰ ਸਨ।



### ਜੈਨੇਸਿਸ ਅਮਨਦੀਪ ਹਸਪਤਾਲ ਨੇ ਜੋਗਿੰਦਰਾ ਕਾਨਵੈਂਟ ਸਕੂਲ ਵਿੱਚ

# ਸਫਲ ਹੈਲਥ ਚੈਕਅਪ ਕੈਂਪ ਦਾ ਆਯੋਜਨ ਕੀਤਾ




**ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ)** :— ਜੈਨੇਸਿਸ ਅਮਨਦੀਪ ਮਲਟੀਸਪੈਸ਼ਿਲਟੀ ਹਸਪਤਾਲ ਨੇ 11 ਦਸੰਬਰ ਨੂੰ ਜੋਗਿੰਦਰਾ ਕਾਨਵੈਂਟ ਸਕੂਲ ਵਿੱਚ ਇੱਕ ਮੁਫ਼ਤ ਹੈਲਥ ਚੈਕਅਪ ਕੈਂਪ ਦਾ ਆਯੋਜਨ ਕੀਤਾ। ਇਸ ਕੈਂਪ ਦਾ ਉਦੇਸ਼ ਵਿਦਿਆਰਥੀਆਂ ਅਤੇ ਸਕੂਲ ਦੇ ਸਟਾਫ਼ ਨੂੰ ਸਿਹਤ ਜਾਗਰੂਕਤਾ ਦੇਣਾ ਅਤੇ ਉਨ੍ਹਾਂ ਨੂੰ ਉਪਲਬਧ ਡਾਕਟਰੀ ਸੇਵਾਵਾਂ ਪ੍ਰਦਾਨ ਕਰਨਾ ਸੀ। ਜੈਨੇਸਿਸ ਅਮਨਦੀਪ ਹਸਪਤਾਲ ਦੇ ਅਨੁਭਵੀ ਡਾਕਟਰਾਂ ਦੀ ਟੀਮ, ਜਿਸ ਵਿੱਚ ਡਾ: ਪੂਨਮ, ਡਾ: ਮੈਜਰ ਡੇਵਿਡ ਅਗਸਟਿਨ ਅਤੇ ਡਾ: ਪਰਮੇਸ਼ਵਰ ਸ਼ਾਮਲ ਸਨ, ਨੇ 100 ਤੋਂ ਵੱਧ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਦੀ ਸਿਹਤ ਦੀ ਜਾਂਚ ਕੀਤੀ। ਡਾ: ਪੂਨਮ ਜੰਗੀਰ ਨੇ ਖਾਸ ਤੌਰ ਤੇ ਲੜਕੀਆਂ ਲਈ ਇੱਕ ਸੈਸ਼ਨ ਲਗਾਇਆ, ਜਿਥੇ ਉਨ੍ਹਾਂ ਨੇ ਮਹੱਤਵਪੂਰਨ ਸਿਹਤ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਤੇ ਵਿਦਿਆਰਥੀਆਂ ਨੇ ਆਪਣੀਆਂ ਸਿਹਤ ਸੰਬੰਧੀ ਸ਼ੰਕਾਵਾਂ ਦੂਰ ਕੀਤੀਆਂ ਅਤੇ ਉਪਯੋਗੀ ਜਾਣਕਾਰੀ ਪ੍ਰਾਪਤ ਕੀਤੀ।

ਸੈਮੀਨਾਰ ਦੌਰਾਨ ਸਕੂਲ ਪ੍ਰਿੰਸੀਪਲ ਸਿਮਰਦੀਪ ਸਿੰਘ ਅਤੇ ਵਾਈਸ ਪ੍ਰਿੰਸੀਪਲ ਰਜਨੀ ਬਾਜਾਜ ਨੇ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਵਿਦਿਆਰਥੀਆਂ ਦੀ ਸਿਹਤ ਬਾਰੇ ਜਾਗਰੂਕਤਾ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਕੈਂਪ ਨੂੰ ਵਿਦਿਆਰਥੀਆਂ ਅਤੇ ਸਟਾਫ਼ ਵਲੋਂ ਬਹੁਤ ਪ੍ਰਸ਼ੰਸਾ ਮਿਲੀ, ਜਿਨ੍ਹਾਂ ਨੂੰ ਮੁਫ਼ਤ ਹੈਲਥ ਚੈਕਅਪ ਅਤੇ ਤਜਰਬੇਕਾਰ ਡਾਕਟਰਾਂ ਵਲੋਂ ਮਾਹਰ ਸਲਾਹ ਲੈਣ ਦਾ ਮੌਕਾ ਮਿਲਿਆ। ਹਸਪਤਾਲ ਦੀ ਪ੍ਰਬੰਧਕ ਡਾ: ਅਮਨਦੀਪ ਕੌਰ ਨੇ ਕਿਹਾ ਕਿ ਸਾਡਾ ਉਦੇਸ਼ ਖੇਤਰ ਦੇ ਲੋਕਾਂ ਨੂੰ ਵਿਸ਼ਵ—ਪੱਧਰੀ ਸਿਹਤ ਸੇਵਾਵਾਂ ਦੇਣਾ ਹੈ। ਜੈਨੇਸਿਸ ਅਮਨਦੀਪ ਹਸਪਤਾਲ ਹਮੇਸ਼ਾਂ ਸਿਹਤ ਦੇ ਉੱਚ ਸਟੈਂਡਰਡਜ਼ ਨੂੰ ਬਣਾਈ ਰੱਖਣ ਅਤੇ ਖ਼ਾਸ ਸਿਹਤ ਸੇਵਾਵਾਂ ਸਭ ਨੂੰ ਉਪਲਬਧ ਕਰਵਾਉਣ ਲਈ ਪ੍ਰਤੀਬੱਧ ਹੈ।

ਚੈਕਅਪ ਕੈਂਪ ਦੌਰਾਨ ਸੀ.ਏ ਵਰਿੰਦਰ ਮੋਹਨ ਸਿੰਘਲ ਨੇ ਕਿਹਾ ਸਾਡਾ ਮੰਨਣਾ ਹੈ ਕਿ ਪ੍ਰਤੀਬੰਧਕ ਹੈਲਥਕੇਅਰ ਬਿਹਤਰ ਸਿਹਤ ਲਈ ਬਹੁਤ ਜ਼ਰੂਰੀ ਹੈ ਅਤੇ ਜੋਗਿੰਦਰਾ ਕਾਨਵੈਂਟ ਸਕੂਲ ਵਿੱਚ ਸਾਡਾ ਹੈਲਥ ਚੈਕਅਪ ਕੈਂਪ ਸਿਹਤ ਜਾਗਰੂਕਤਾ ਵਧਾਉਣ ਅਤੇ ਕਮਿਊਨਿਟੀ ਨੂੰ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਵੱਲ ਇੱਕ ਕਦਮ ਹੈ। ਅਸੀਂ ਸਕੂਲ ਪ੍ਰਬੰਧਨ ਦੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਜੈਨੇਸਿਸ ਅਮਨਦੀਪ ਹਸਪਤਾਲ ਨੇ 5 ਬੈੱਡ ਤੋਂ ਸ਼ੁਰੂਆਤ ਕਰਕੇ 750 ਬੈੱਡ ਤੱਕ ਵਾਧਾ ਕੀਤਾ ਹੈ, ਹੁਣ ਇਸ ਹਸਪਤਾਲ ਵਿੱਚ 170 ਤੋਂ ਵੱਧ ਤਜਰਬੇਕਾਰ ਸਰਜਨ ਅਤੇ ਡਾਕਟਰ ਹਨ, ਜਿਨ੍ਹਾਂ ਨੇ ਹੁਣ ਤੱਕ 5 ਲੱਖ ਤੋਂ ਵੱਧ ਜ਼ਿੰਦਗੀਆਂ ਬਦਲੀ ਹਨ ਅਤੇ ਹਸਪਤਾਲ ਦਾ ਉਦੇਸ਼ 2031 ਤੱਕ 3500 ਬੈੱਡ ਦੀ ਸਮਰੱਥਾ ਪ੍ਰਾਪਤ ਕਰਨਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਫ਼ੌਜ ਵਿਚ ਸਿੱਖ ਰੈਜਮੈਂਟ ਨੂੰ ਨਜਰਅੰਦਾਜ ਕਰਕੇ ਹੁਕਮਰਾਨ ਕਦੀ ਵੀ ਕਿਸੇ ਵੀ ਜੰਗ ਨੂੰ ਨਹੀ ਜਿੱਤ ਸਕਦੇ : ਮਾਨ

## ਸਿੱਖਾਂ ਦੀ ਭਰਤੀ ਉਤੇ ਰੋਕ ਨਾ ਸਹਿਣਯੋਗ ਅਤੇ ਦੁਖਦਾਇਕ ਵਿਤਕਰਾ

ਨਵੀਂ ਦਿੱਲੀ, 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- "ਜਦੋਂ 1849 ਵਿਚ ਅੰਗਰੇਜ਼ਾਂ ਨਾਲ ਸਿੱਖਾਂ ਦੀ ਸੰਧੀ ਹੋਈ ਸੀ, ਤਾਂ ਉਸ ਵਿਚ ਆਜਾਦ ਬਾਦਸਾਹੀ ਸਿੱਖ ਰਾਜ ਨੂੰ ਕੁਝ ਸਮੇ ਲਈ ਮੁਲਤਵੀ ਕੀਤਾ ਗਿਆ ਸੀ । ਜੋ ਕਿ ਬਾਅਦ ਵਿਚ ਅੰਗਰੇਜ਼ਾਂ ਵੱਲੋ ਹਰ ਕੀਮਤ ਤੇ ਸੁਰਜੀਤ ਹੋਣੀ ਚਾਹੀਦੀ ਸੀ । ਜਦੋਂ ਕਿ ਦੂਸਰੇ ਪਾਸੇ ਇਸਲਾਮਿਕ ਬਾਦਸਾਹੀ ਨੂੰ ਅੰਗਰੇਜਾਂ ਨੇ ਪੂਰਨ ਰੂਪ ਵਿਚ ਭੰਗ ਕਰ ਦਿੱਤਾ ਸੀ ਲੇਕਿਨ 1947 ਵਿਚ ਇਸਲਾਮਿਕ ਬਾਦਸਾਹੀ ਨੂੰ ਪਾਕਿਸਤਾਨ ਰਾਹੀ ਸੁਰਜੀਤ ਕਰ ਦਿੱਤਾ । ਪਰ ਸਾਡੀ ਬਾਦਸਾਹੀ ਨੂੰ ਜੋ ਮੁਲਤਵੀ ਕੀਤੀ ਗਈ ਸੀ ਉਹ ਅੰਗਰੇਜਾਂ ਨੇ ਅੱਜ ਤੱਕ ਸੁਰਜੀਤ ਕਿਉਂ ਨਹੀ ਕੀਤੀ ?"



ਇਹ ਪ੍ਰਸ਼ਨ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਰਤਾਨੀਆ ਦੀ ਅੰਗਰੇਜ਼ ਹਕੂਮਤ ਜੋ 1947 ਤੋ ਪਹਿਲੇ ਪੰਜਾਬ ਸੂਬੇ ਉਤੇ ਹਕੂਮਤ ਚਲਾਉਦੀ ਸੀ, ਜਿਸ ਨੇ ਮਹਾਰਾਜਾ ਦਲੀਪ ਸਿੰਘ ਦੀ ਛੋਟੀ ਉਮਰ ਹੋਣ ਦੀ ਬਦੌਲਤ ਕੁਝ ਸਮੇ ਲਈ ਬਾਦਸਾਹੀ ਨੂੰ ਰੱਦ ਕਰ ਦਿੱਤਾ ਸੀ, ਜੋ ਸੁਰਜੀਤ ਨਹੀ ਕੀਤੀ ਗਈ, ਉਸ ਉਤੇ ਸਮੁੱਚੇ ਸੰਸਾਰ ਦੀ ਕਚਹਿਰੀ ਵਿਚ ਇਨਸਾਫ ਦੇ ਤਕਾਜੇ ਅਧੀਨ ਖੜਾ ਕਰਦੇ ਹੋਏ ਪੁੱਛੇ । ਉਨ੍ਹਾਂ ਕਿਹਾ ਕਿ ਫ਼ੌਜ ਵਿਚ ਜੇਕਰ ਹਮਲਾ ਹੁੰਦਾ ਹੈ ਤਾ ਪਲਟਨ ਮੋਹਰੀ ਹੋ ਕੇ ਹਮਲਾ ਕਰਦੀ ਹੈ । ਜੋ ਹੁਕਮਰਾਨਾਂ ਵੱਲੋ ਗੋਰਖਿਆ ਤੇ ਸਿੱਖਾਂ ਦੀ ਭਰਤੀ ਉਤੇ ਰੋਕ ਲਗਾਈ ਗਈ ਹੈ, ਇਹ ਨਾ ਸਹਿਣ ਯੋਗ ਅਤੇ ਇੰਡੀਆ ਨੂੰ ਜੰਗਾਂ ਵਿਚ ਚੰਗੇ ਨਤੀਜੇ ਦੇਣ ਵਾਲੇ ਅਮਲ ਨਹੀ ਹਨ । ਜਿਵੇ ਬੀਤੇ ਸਮੇ ਵਿਚ ਇੰਡੀਅਨ ਫੌ.ਜ ਦੀ ਗੋਰਖਾ ਪਲਟਨ ਹਮਲਾ ਕਰਦੀ ਹੈ ਅਤੇ ਸਿੱਖ ਰੈਜਮੈਂਟ ਮੋਰਚਾ ਸੰਭਾਲਕੇ ਆਪਣੇ ਫਰਜ ਅਦਾ ਕਰਦੀਆ ਰਹੀਆ ਹਨ । ਫ਼ੌਜ ਵਿਚ ਦੋਵੇ ਰੈਜਮੈਂਟਾਂ ਦੀ ਭੂਮਿਕਾ ਅਤਿ ਮਹੱਤਵਪੂਰਨ ਅਤੇ ਵੱਡੀ ਜਿੰਮੇਵਾਰੀ ਵਾਲੀ ਤੇ ਕੁਰਬਾਨੀ ਵਾਲੀ ਹੈ । ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਇੰਡੀਅਨ ਫ਼ੌਜ ਵਿਚ ਗੋਰਖਿਆ ਨਾਲ ਵੀ ਬੇਇਨਸਾਫ਼ੀ ਕੀਤੀ ਜਾ ਰਹੀ ਹੈ ਅਤੇ ਸਿੱਖ ਰੈਜਮੈਂਟ ਨਾਲ ਵੀ ਬੇਇਨਸਾਫ਼ੀ ਕੀਤੀ ਜਾ ਰਹੀ ਹੈ । ਫਿਰ ਇਹ ਜੰਗਾਂ ਕਿਵੇ ਜਿੱਤ ਸਕਣਗੇ । ਇਥੋ ਤੱਕ ਕਸਮੀਰ, ਅਫਗਾਨੀਸਤਾਨ, ਇਰਾਕ ਵਿਚ ਅਮਰੀਕਨ ਫ਼ੌਜਾਂ ਨਿਰੰਤਰ ਮੋਰਚਾ ਨਹੀ ਸਾਂਭ ਸਕੀਆ । ਕਿਉਕਿ ਉਨ੍ਹਾਂ ਕੋਲ ਗੋਰਖਾ ਰੈਜਮੈਂਟ ਤੇ ਸਿੱਖ ਰੈਜਮੈਂਟਾਂ ਵਰਗੀ ਪੈਦਲ ਫ਼ੌਜ ਨਹੀ ਸੀ । ਕੇਵਲ ਹਵਾਈ ਜਾਂ ਨੇਵੀ ਹਮਲਿਆ ਰਾਹੀ ਮੋਰਚਿਆ ਤੇ ਕਬਜਾ ਨਹੀ ਰੱਖਿਆ ਜਾ ਸਕਦਾ ।

# ਮਿਸਲ ਸਤਲੁਜ਼ ਨੇ ਅੰਮ੍ਰਿਤਸਰ ਵਿਖੇ ਲੋਕ ਅਰਪਿਤ ਕੀਤਾ ਦਫਤਰ




ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ) :— ਸਿੱਖ ਕੌਮ ਅਤੇ ਪੰਜਾਬ ਦੇ ਮਸਲਿਆਂ ਲਈ ਯਤਨਸ਼ੀਲ ਸਮਾਜਿਕ, ਰਾਜਨੀਤਕ ਸੰਸਥਾ ਮਿਸਲ ਸਤਲੁਜ਼ ਨੇ ਸ਼ੁਕਰਵਾਰ ਨੂੰ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪਣਾ ਦਫਤਰ ਕੀਤਾ ਲੋਕ ਅਰਪਿਤ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਨੇ ਦੱਸਿਆ ਕਿ ਮਿਸਲ ਸਤਲੁਜ਼ ਦਾ ਪੰਜਾਬ ਵਿਚ ਇਹ ਪਹਿਲਾਂ ਦਫਤਰ ਹੈ ਅਤੇ ਜਥੇਬੰਦੀ ਜਲਦੀ ਹੀ ਮੋਹਾਲੀ ਤੇ ਬਠਿੰਡਾ ਵਿਚ ਆਪਣੇ ਦਫਤਰ ਸਥਾਪਿਤ ਕਰੇਗੀ। ਦਫਤਰ ਦਾ ਉਦਘਾਟਨ ਕਬੀਰ ਪਾਰਕ ਮਾਰਕੀਟ ਵਿਖੇ ਅਰਦਾਸ ਨਾਲ ਕੀਤਾ ਗਿਆ, ਜਿਸ ਵਿਚ ਮਿਸਲ ਦੇ ਮੈਂਬਰਾਂ ਸਮੇਤ ਵੱਡੀ ਗਿਣਤੀ ਲੋਕ ਹਾਜ਼ਰ ਸਨ। ਇਸ ਮੌਕੇ ਮਿਸਲ ਸਤਲੁਜ਼ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਨੇ ਕਿਹਾ ਕਿ ਇਹ ਦਫਤਰ ਸਿੱਖ ਕੌਮ ਅਤੇ ਸਮੁੱਚੇ ਪੰਜਾਬ ਦੇ ਸਥਾਨਕ ਮਸਲੇ ਚੁੱਕਣ ਦਾ ਕੰਮ ਕਰੇਗਾ। ਉਨ੍ਹਾਂ ਕੇਂਦਰ ਅਤੇ ਰਾਜ ਸਰਕਾਰ ਨੂੰ ਮੁੜ ਪਰਿਭਾਸ਼ਿਤ ਕਰਨ ਤੇ ਜ਼ੋਰ ਦਿੱਤਾ ਤਾਂ ਜ਼ੋ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ ਅਤੇ ਸੂਬੇ ਦੇ ਸਰੋਤਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਜਾ ਸਕੇ। ਉਨ੍ਹਾਂ ਨੇ ਨੀਤੀ ਨਿਰਮਾਣ ਲਈ ਪੰਜਾਬ ਕੇਂਦਰਿਤ ਪਹੁੰਚ ਦੀ ਲੋੜ ਤੇ ਜ਼ੋਰ ਦਿੱਤਾ, ਜ਼ੋ ਸੂਬੇ ਦੀਆਂ ਵਿਲੱਖਣ ਚੁਣੌਤੀਆਂ ਅਤੇ ਇਛਾਵਾਂ ਦਾ ਹੱਲ ਕਰੇਗਾ। ਉਨ੍ਹਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਪਰੰਪਰਾਵਾਂ ਅਨੁਸਾਰ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਪਵਿੱਤਰ ਅਸਥਾਨਾਂ ਵਿਚ ਪਾਰਦਰਸ਼ੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜ਼ੋ ਲੋਕਾਂ ਦੀ ਧਰਮ ਪ੍ਰਤੀ ਆਸਥਾ ਮਜ਼ਬੂਤ ਹੋ ਸਕੇ। ਇਸ ਮੌਕੇ ਜਨਰਲ ਸਕੱਤਰ ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਇਹ ਪਹਿਲ ਅੰਮ੍ਰਿਤਸਰ ਤੋਂ ਕੀਤੀ ਗਈ ਹੈ, ਕਿਉਂਕਿ ਇਹ ਸੂਬੇ ਦਾ ਅਧਿਆਤਮਿਕ ਅਤੇ ਸਿਆਸੀ ਕੇਂਦਰ ਹੈ। ਉਨ੍ਹਾਂ ਕਿਹਾ ਕਿ ਮਿਸਲ ਸਤਲੁਜ਼ ਪੰਜਾਬ ਦੇ ਵੱਖ—ਵੱਖ ਜ਼ਿਲ੍ਹਆਂ ਵਿਚ ਇਕਾਈਆਂ ਬਣਾ ਕੇ ਸਿੱਖ ਕੌਮ ਅਤੇ ਸੂਬੇ ਦੀ ਭਲਾਈ ਲਈ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕਰੇਗਾ। ਦਫਤਰ ਦੇ ਉਦਘਾਟਨ ਸਮੇਂ ਮਿਸਲ ਸਤਲੁਜ਼ ਦੇ ਪ੍ਰਮੁੱਖ ਅਹੁਦੇਦਾਰਾਂ ਸਮੇਤ ਹਰਦੀਪ ਸਿੰਘ ਦੌੜ, ਜਥੇਬੰਦੀ ਦੇ ਕੋਆਰਡੀਨੇਟਰ ਹਰਜੀਤ ਸਿੰਘ, ਪ੍ਰੈਸ ਸਕੱਤਰ ਗੁਰਬੀਰ ਸਿੰਘ ਖੋਸਾ, ਸੁਖਵਿੰਦਰ ਸਿੰਘ ਗਗਨ ਸਿੱਧੂ ਤੇ ਹੋਰਨਾਂ ਨੇ ਸ਼ਮਲੂਈਤ ਕੀਤੀ।

# ਕਿਸਾਨ ਆਗੂ ਹਰਨੇਕ ਸਿੰਘ ਮਹਿਮਾ ਨੂੰ ਸਦਮਾ

ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ) :— ਕਿਸਾਨੀ ਹੱਕਾਂ ਲਈ ਸੰਘਰਸ਼ ਕਰਦੇ ਆ ਰਹੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੂੰ ਉਦੋਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪੂਜਨੀਕ ਮਾਮਾ ਸਵਰਗਵਾਸ ਹੋ ਗਏ। ਦਸਣਯੋਗ ਹੈ ਕਿ ਕਿਸਾਨ ਆਗੂ ਹਰਨੇਕ ਸਿੰਘ ਮਹਿਮਾ ਦੇ ਪੂਜਨੀਕ ਮਾਤਾ ਸਰਦਾਰ ਹਜ਼ਾਰਾ ਸਿੰਘ ਪੁੱਤਰ ਬੇਲਾ ਸਿੰਘ ਪਿੰਡ ਰੂਪ ਨਗਰ ਜ਼ਿਲ੍ਹਾ ਫ਼ਾਜ਼ਿਲਕਾ ਆਪਣੇ ਸਵਾਸਾਂ ਦੀ ਪੂੰਜੀ ਦਾ ਤਿਆਗ ਕਰਕੇ ਮਿਤੀ 9 ਦਸੰਬਰ 2024 ਨੂੰ ਅਚਾਨਕ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਗੁਰ ਮਰਿਆਦਾ ਅਨੁਸਾਰ ਉਨ੍ਹਾਂ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਮਿਤੀ 20 ਦਸੰਬਰ 2024 ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਰੂਪਨਗਰ ਜ਼ਿਲਾ ਫਾਜ਼ਿਲਕਾ ਵਿਖੇ ਦੁਪਹਿਰ ਬਾਅਦ 1 ਵਜੇ ਪਾਏ ਜਾਣਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਸ਼ਰਧਾਂਜਲੀ ਸਮਾਰੋਹ ਵਿਚ ਉੱਚ ਕੋਟੀ ਦੇ ਕਿਸਾਨ ਆਗੂ, ਸਿਆਸਤਦਾਨ, ਸਮਾਜ ਸੇਵੀ ਅਤੇ ਸਾਕ ਸਬੰਧੀ ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਅਰਪਿਤ ਕਰਨ ਲਈ ਅੰਤਿਮ ਅਰਦਾਸ ਵਿਚ ਸ਼ਾਮਲ ਹੋਣਗੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜਿਲਾ ਪ੍ਰਧਾਨ ਜਗੀਰ ਸਿੰਘ ਖਹਿਰਾ, ਜਿਲਾ ਜਨਰਲ ਸਕੱਤਰ ਗੁਲਜਾਰ ਸਿੰਘ ਕਬਰਵੱਛਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਕੜਮਾ, ਜਿਲਾ ਮੀਤ ਪ੍ਰਧਾਨ ਬਗੀਚਾ ਸਿੰਘ, ਜ਼ਿਲ੍ਹਾ ਖਜਾਨਚੀ ਜਤਿੰਦਰ ਸਿੰਘ ਕੜਮਾ, ਜ਼ਿਲ੍ਹਾ ਪ੍ਰੈਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲ੍ਹਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਸ਼ਿਹਜ਼ਾਦੀ, ਜਿਲਾ ਕਮੇਟੀ ਮੈਂਬਰ ਪਰਵਿੰਦਰ ਕੌਰ ਵਾੜਾ ਭਾਈ ਕਾ ਜ਼ਿਲ੍ਹਾ ਕਮੇਟੀ ਮੈਂਬਰ ਰਾਜਵੀਰ ਕੌਰ ਮਹਿਮਾ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।



ਸਰਬੱਤ ਖਾਲਸਾ ਜਥੇਦਾਰ ਮੰਡ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਨੂੰ ਫ਼ਖ਼ਰ-ਏ-ਕੌਮ ਦੇ ਖ਼ਿਤਾਬ ਨਾਲ ਸਨਮਾਨਿਤ ਕੀਤੇ ਜਾਣ ਦੇ ਐਲਾਨ ਦਾ

# ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸਵਾਗਤ ਅਤੇ ਸ਼ਲਾਘਾ

**ਅੰਮ੍ਰਿਤਸਰ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸੁਖਬੀਰ ਸਿੰਘ ਬਾਦਲ ਉੱਤੇ ਜਾਨਲੇਵਾ ਹਮਲਾ ਕਰਨ ਵਾਲੇ ਜੁਝਾਰੂ ਭਾਈ ਨਰਾਇਣ ਸਿੰਘ ਚੌੜਾ ਨੂੰ ਸਰਬੱਤ ਖ਼ਾਲਸਾ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਫ਼ਖ਼ਰ-ਏ-ਕੌਮ ਦੇ ਖ਼ਿਤਾਬ ਨਾਲ ਸਨਮਾਨਿਤ ਕੀਤੇ ਜਾਣ ਦੇ ਐਲਾਨ ਦਾ ਭਰਪੂਰ ਸਵਾਗਤ ਅਤੇ ਸ਼ਲਾਘਾ ਕੀਤੀ ਹੈ।ਉਹਨਾਂ ਕਿਹਾ ਕਿ ਬਾਦਲਾਂ ਦੀ ਚਾਪਲੂਸ ਸ਼੍ਰੋਮਣੀ ਕਮੇਟੀ ਤਾਂ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਮੰਗ ਕਰ ਰਹੀ ਹੈ, ਪਰ ਖ਼ਾਲਸਾ ਪੰਥ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਦੇ ਐਕਸ਼ਨ ਨੂੰ ਸਲਾਹਿਆ ਜਾ ਰਿਹਾ ਹੈ ਤੇ ਉਹ ਸਮਾਂ ਵੀ ਦੂਰ ਨਹੀਂ ਜਦੋਂ ਹਰੇਕ ਪੰਥਕ ਜਥੇਬੰਦੀ, ਸੰਪਰਦਾ, ਸੰਸਥਾ ਤੇ ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਕਮੇਟੀਆਂ ਭਾਈ ਨਰਾਇਣ ਸਿੰਘ ਚੌੜਾ ਨੂੰ ਗੁਰੂ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਨਮਾਨਿਤ ਕਰਨਗੀਆਂ। ਉਹਨਾਂ ਕਿਹਾ ਕਿ 10 ਦਸੰਬਰ ਨੂੰ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ ਵਿੱਚ ਅਸੀਂ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਇਹ ਅਪੀਲ ਵੀ ਕੀਤੀ ਸੀ ਕਿ ਭਾਈ ਨਰਾਇਣ ਸਿੰਘ ਚੌੜਾ ਨੂੰ ਫ਼ਖ਼ਰ-ਏ-ਕੌਮ ਅਤੇ ਪੰਥਕ ਯੋਧੇ ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਜਾਵੇ। ਜਿਸ ਸੰਬੰਧ ਵਿੱਚ ਇਤਿਹਾਸਿਕ ਫੈਸਲਾ ਲੈਂਦਿਆਂ ਸਰਬੱਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ (ਨਜ਼ਰਬੰਦ ਤਿਹਾੜ ਜੇਲ੍ਹ, ਨਵੀਂ ਦਿੱਲੀ) ਦੀ ਗੈ਼ਰ ਹਾਜ਼ਰੀ ਵਿੱਚ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਭਾਈ ਨਰਾਇਣ ਸਿੰਘ ਚੌੜਾ ਨੂੰ ਫ਼ਖ਼ਰ-ਏ-ਕੌਮ ਖ਼ਿਤਾਬ ਨਾਲ ਸਨਮਾਨਿਤ ਕੀਤੇ ਜਾਣ ਦਾ ਐਲਾਨ ਕੀਤਾ ਹੈ ਜਿਸ ਨਾਲ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ ਤੇ ਇਸ ਫ਼ੈਸਲੇ ਨਾਲ ਬਾਦਲ ਜੁੰਡਲੀ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਦੇ ਮੂੰਹ ਉੱਤੇ ਕਰਾਰੀ ਚਪੇੜ ਵੱਜੀ ਹੈ।ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਦੀ ਪੁਸ਼ਤ-ਪਨਾਹੀ ਕੀਤੀ, ਪੰਥਪ੍ਰਸਤ ਗੁਰਸਿੱਖਾਂ ਨੂੰ ਗੋਲ਼ੀਆਂ ਮਾਰ ਕੇ ਭੁੰਨਿਆ, ਸਿੱਖ ਨੌਜਵਾਨੀ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਬੁੱਚੜ ਪੁਲਿਸ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ, ਬਲਾਤਕਾਰੀ ਸਿਰਸੇ ਵਾਲੇ ਨੂੰ ਮਾਫੀ ਦਿਵਾਈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬਾਨਾਂ ਦੀ ਸ਼ਾਨ ਨੂੰ ਵੀ ਮਿੱਟੀ ਵਿੱਚ ਰੋਲਿਆ ਅਤੇ ਪੰਥ ਤੇ ਪੰਜਾਬ ਦਾ ਰੱਜ ਕੇ ਘਾਣ ਕੀਤਾ ਸੀ। ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਜਥੇਦਾਰਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਬਣਦੀ ਸਜ਼ਾ ਨਾ ਦਿੱਤੀ ਤਾਂ ਭਾਈ ਨਰਾਇਣ ਸਿੰਘ ਚੌੜਾ ਨੇ ਆਪਣੀ ਪੰਥਕ ਜਿੰਮੇਵਾਰੀ ਨਿਭਾਈ ਤੇ ਦੁਸ਼ਟ ਨੂੰ ਸੋਧਣ ਦਾ ਯਤਨ ਕੀਤਾ। ਉਹਨਾਂ ਕਿਹਾ ਕਿ ਸਮੁੱਚਾ ਖ਼ਾਲਸਾ ਪੰਥ ਭਾਈ ਨਰਾਇਣ ਸਿੰਘ ਚੌੜਾ ਅਤੇ ਉਹਨਾਂ ਦੇ ਪਰਿਵਾਰ ਨਾਲ ਖੜਾ ਹੈ। ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਰਬੱਤ ਖ਼ਾਲਸਾ ਦੇ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੇ ਪਰਿਵਾਰ ਦੀ ਸਿੱਖ ਸੰਘਰਸ਼ ਵਿੱਚ ਵੱਡੀ ਕੁਰਬਾਨੀ ਹੈ, ਉਹਨਾਂ ਦੇ ਤਿੰਨ ਭਰਾ ਸ਼ਹੀਦ ਹੋਏ ਹਨ ਤੇ ਜਥੇਦਾਰ ਸਾਹਿਬ ਨੇ ਵੀ ਅਥਾਹ ਜ਼ੁਲਮ ਝੱਲਿਆ ਹੈ, ਉਹ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਬਚਨਾਂ ਦੇ ਪਹਿਰੇਦਾਰ ਹਨ। ਜਥੇਦਾਰ ਸਾਹਿਬ ਕੌਮ ਦੇ ਦਰਦ ਨੂੰ ਮਹਿਸੂਸ ਕਰਦੇ ਹਨ ਅਤੇ ਉਹਨਾਂ ਨੇ ਭਾਈ ਨਰਾਇਣ ਸਿੰਘ ਚੌੜਾ ਬਾਰੇ ਕੀਤੀ ਤਕਰੀਰ ਵਿੱਚ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕੀਤੀ ਹੈ ਤੇ ਪੰਥ ਦੇ ਦਰਦ ਨੂੰ ਸਮਝਿਆ ਹੈ। ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਉੱਤੇ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਕੀਤਾ ਹਮਲਾ ਖ਼ਾਲਸਾ ਪੰਥ ਦੇ ਰੋਹ ਦਾ ਪ੍ਰਗਟਾਵਾ ਹੈ। ਉਹਨਾਂ ਇਹ ਵੀ ਕਿਹਾ ਕਿ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਜਥੇਬੰਦੀ ਅਤੇ ਅਦਾਰਾ ਖ਼ਾਲਸਾ ਫਤਹਿਨਾਮਾ ਵੱਲੋਂ ਵੀ ਜੁਝਾਰੂ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਰਤਨ ਅਤੇ ਪੰਥਕ ਯੋਧੇ ਦੇ ਖ਼ਿਤਾਬ ਨਾਲ ਸਨਮਾਨਿਆ ਜਾਵੇਗਾ।



ਆਵਾਜ਼ਿ ਕੌਮ AWAZE QAUM International Newspaper & WEB TV

ਫ਼ਿਰੋਜ਼ਪੁਰ ਦੇ ਪੱਤਰਕਾਰ ਭਾਈਚਾਰੇ ਵੱਲੋਂ

# ਫ਼ਿਰੋਜ਼ਪੁਰ ਪੁਲਿਸ ਪ੍ਰਸ਼ਾਸ਼ਨ ਦੇ ਖਿਲਾਫ਼ ਜਲੂਸ ਕੱਢਿਆ ਗਿਆ, ਜ਼ੋਰਦਾਰ ਨਾਅਰੇਬਾਜ਼ੀ






**ਫਿਰੋਜ਼ਪੁਰ 14 (ਦਸੰਬਰ) ਆਵਾਜਿ ਕੌਮ ਬਿਓਰੋ**)-ਫ਼ਿਰੋਜ਼ਪੁਰ ਦੇ ਸਮੂਹ ਜ਼ਿਲ੍ਹੇ ਦੇ ਪੱਤਰਕਾਰਾਂ ਵੱਲੋਂ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਲੁਜ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਗਾਮਾ ਨੇ ਦੱਸਿਆ ਕਿ ਪਿਛਲੇ 8 ਮਹੀਨੇ ਪਹਿਲਾਂ ਉਨ੍ਹਾਂ ਦੇ ਇੱਕ ਪੱਤਰਕਾਰ ਮਿੱਤਰ ਦਾ ਟਰੱਕ ਚੋਰੀ ਹੋ ਗਿਆ ਸੀ ਅਤੇ ਉਹ ਵੀ. ਇਸ ਬਾਰੇ ਸ਼ਿਕਾਇਤ ਦਰਜ ਕੀਤੀ! ਪਰ ਪੁਲਿਸ ਪ੍ਰਸ਼ਾਸ਼ਨ ਨੇ ਉਸਦੇ ਪੱਤਰਕਾਰ ਸਾਥੀ ਦੀ ਟਿਕਟ ਕੈਂਸਲ ਕਰ ਦਿੱਤੀ ਤਾਂ ਜਦੋਂ ਪੱਤਰਕਾਰਾਂ ਨੇ ਪੁਲਿਸ ਨਾਲ ਗੱਲ ਕੀਤੀ ਤਾਂ ਟਿਕਟ ਕੈਂਸਲ ਹੋ ਗਈ ਜਦੋਂ ਉਹ ਇਸ ਮਾਮਲੇ ਨੂੰ ਲੈ ਕੇ ਫਿਰੋਜ਼ਪੁਰ ਦੇ ਐਸ.ਐਸ.ਪੀ ਦਫਤਰ ਗਏ ਤਾਂ ਪੁਲਿਸ ਦੇ ਉੱਚ ਅਧਿਕਾਰੀਆਂ ਵਲੋਂ ਪੱਤਰਕਾਰਾਂ ਦੀ ਕੁੱਟਮਾਰ ਕੀਤੀ ਗਈ। ਇਸ ਤੋਂ ਨਾਰਾਜ਼ ਹੋ ਕੇ ਸਤਲੁਜ ਪ੍ਰੈੱਸ ਕਲੱਬ ਦੇ ਨਾਲ-ਨਾਲ ਸਮੂਹ ਪੱਤਰਕਾਰ, ਵਪਾਰਕ ਹਲਕਿਆਂ, ਸਮਾਜਿਕ ਜਥੇਬੰਦੀਆਂ, ਧਾਰਮਿਕ ਜਥੇਬੰਦੀਆਂ, ਕਿਸਾਨ ਯੂਨੀਅਨ ਫ਼ਿਰੋਜ਼ਪੁਰ ਨੇ ਵੀ ਸਤਲੁਜ ਪ੍ਰੈਸ ਕਲੱਬ ਦਾ ਸਮਰਥਨ ਕੀਤਾ! ਇਹ ਅਰਥੀ ਫੂਕ ਰੈਲੀ ਫ਼ਿਰੋਜ਼ਪੁਰ ਸ਼ਹਿਰ ਦੇ ਊਧਮ ਸਿੰਘ ਚੌਂਕ ਤੋਂ ਸ਼ੁਰੂ ਹੋ ਕੇ ਸਾਰੇ ਬਾਜ਼ਾਰਾਂ ਵਿੱਚੋਂ ਦੀ ਹੁੰਦੀ ਹੋਈ ਫ਼ਿਰੋਜ਼ਪੁਰ ਸ਼ਹਿਰ ਦੇ ਦਿੱਲੀ ਗੇਟ ਵਿਖੇ ਸਮਾਪਤ ਹੋਈ। ਪੱਤਰਕਾਰਾਂ ਨੇ 'ਪੁਲਿਸ ਪ੍ਰਸ਼ਾਸਨ 'ਤੇ ਢਿੱਲ ਮੱਠ' ਦੇ ਲਾਏ ਨਾਅਰੇ! ਰੋਸ ਰੈਲੀ ਤੋਂ ਕੁਝ ਸਮਾਂ ਪਹਿਲਾਂ ਫ਼ਿਰੋਜ਼ਪੁਰ ਦੇ ਪੁਲਿਸ ਉਪ ਸੁਖਵਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਪੱਤਰਕਾਰ ਨਾ ਮੰਨੇ ਅਤੇ ਕਿਹਾ ਕਿ ਉਹਨਾਂ ਦੀ ਅਗਲੀ ਰਣਨੀਤੀ ਫ਼ਿਰੋਜ਼ਪੁਰ ਛਾਉਣੀ ਦੇ ਬਜ਼ਾਰਾਂ ਵਿੱਚ ਪੁਲਿਸ ਦਾ ਜਲੂਸ ਕੱਢਣ ਦੀ ਹੈ! ਜੇਕਰ ਉਸ ਤੋਂ ਪਹਿਲਾਂ ਉਨ੍ਹਾਂ ਦੀਆਂ ਦੱਸੀਆਂ ਟੈਕਸ ਮੰਗਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਰੋਸ ਰੈਲੀ ਨਹੀਂ ਕੀਤੀ ਜਾਵੇਗੀ! ਇਸ ਰੈਲੀ ਵਿੱਚ ਲੋਕਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ, ਕੌਫੀ ਅਤੇ ਪਾਣੀ ਦੇ ਸਟਾਲ ਲਗਾਏ ਗਏ ਅਤੇ ਪੁਲਿਸ ਪ੍ਰਸ਼ਾਸਨ ਫ਼ਿਰੋਜ਼ਪੁਰ ਤੋਂ ਦੁਖੀ ਹੋਰ ਲੋਕ ਵੀ ਇਸ ਰੈਲੀ ਵਿੱਚ ਸ਼ਾਮਲ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV

# ਖਾਲਸਾ ਸਕੂਲ ਵਿੱਚ ਮਨੁੱਖੀ ਅਧਿਕਾਰਾਂ ਦੀ ਜਾਣਕਾਰੀ ਸਬੰਧੀ ਸੈਮੀਨਾਰ ਕਰਵਾਇਆ ਗਿਆ




**ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ) :—** ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਰਹਿਨਹਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਨੇ ਸਕੂਲ ਵਿੱਚ ਮਨੁੱਖੀ ਅਧਿਕਾਰਾਂ ਦੀ ਜਾਣਕਾਰੀ ਸਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਅਧਿਆਪਕ ਸਾਹਿਬਾਨਾਂ ਵੱਲੋਂ ਵਿਦਿਆਰਥੀਆਂ ਨੂੰ ਇਸ ਬਾਰੇ ਜਾਗਰੂਕ ਕੀਤਾ ਗਿਆ ਜਿਸ ਵਿੱਚ ਸਮਾਜਿਕ ਆਰਥਿਕ ਅਤੇ ਦੁਨਿਆਵੀ ਅਧਿਕਾਰਾਂ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ—ਵੱਖ ਚਾਰਟ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਮਨੁੱਖੀ ਅਧਿਕਾਰਾਂ ਦੀ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ ਤੇ ਜਾਣਕਾਰੀ ਦੇ ਨਾਲ—ਨਾਲ ਸਾਨੂੰ ਇਨ੍ਹਾਂ ਦੀ ਪਾਲਣਾ ਵੀ ਕਰਨੀ ਚਾਹੀਦੀ ਹੈ ਅਤੇ ਆਪਣੇ ਆਲੇ ਦੁਆਲੇ ਵੀ ਸਾਰਿਆਂ ਨੂੰ ਇਸ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਲੈਕਚਰ ਅਤੇ ਅਧਿਆਪਕ ਸਾਹਿਬਾਨਾਂ ਵੱਲੋਂ ਲੈਕਚਰ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਵੱਖ—ਵੱਖ ਮਨੁੱਖੀ ਅਧਿਕਾਰਾਂ ਸਬੰਧੀ ਜਾਣਕਾਰੀ ਤੇ ਉਨ੍ਹਾਂ ਦੀ ਪਾਲਣਾ ਕਰਨ ਸਬੰਧੀ ਜਾਣਕਾਰੀ ਮੁਹਈਆ ਕਰਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV


# ਜਥੇਬੰਦੀ ਦੀ ਤਰੱਕੀ ਮਜ਼ਬੂਤੀ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਹੋਈ ਹੰਗਾਮੀ ਮੀਟਿੰਗ



**ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ) :—** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਇੱਕ ਵਿਸ਼ੇਸ਼ ਮੀਟਿੰਗ ਅੱਜ ਤੇਜਿੰਦਰ ਸਿੰਘ ਦਿਓਲ ਦੇ ਗ੍ਰਹਿ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਤੇਜਿੰਦਰ ਸਿੰਘ ਦਿਓਲ ਯੂਥ ਪ੍ਰਧਾਨ ਪੰਜਾਬ ਅਤੇ ਜਤਿੰਦਰ ਸਿੰਘ ਥਿੰਦ ਸੀਨੀਅਰ ਮੀਤ ਪ੍ਰਧਾਨ ਯੂਥ ਵਿੰਗ ਪੰਜਾਬ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਪਾਰਟੀ ਦੀ ਮੈਂਬਰਸ਼ਿਪ ਬਣਾਉਣ ਜਥੇਬੰਧਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਦੇਸ਼ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਦੀ ਹੋ ਰਹੀ ਟਾਰਗੇਟ ਕਿਲਿੰਗ ਸਬੰਧੀ ਵਿਚਾਰਾਂ ਕੀਤੀਆ ਗਈਆ।ਮੀਟਿੰਗ ਦੌਰਾਨ ਵਿਚਾਰ ਸਾਂਝੇ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਰਕਰਾਂ ਦੀਆਂ ਡਿਉਟੀਆਂ ਲਗਾਈਆਂ, ਜਦੋਂ ਕਿ ਤੇਜਿੰਦਰ ਸਿੰਘ ਦਿਓਲ ਨੇ ਬੋਲਦਿਆ ਕਿਹਾ ਕਿ ਸਾਨੂੰ ਅਸਲ ਅਕਾਲੀ ਦਲ ਅੰਮ੍ਰਿਤਸਰ ਨੂੰ ਮਜਬੂਤ ਕਰਨ ਲਈ ਲੋਕਾਂ ਵਿੱਚ ਜਾ ਕੇ ਦਸਣਾ ਹੋਏਗਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹੀ ਇਕੋ—ਇਕ ਵਾਹਦ ਜਥੇਬੰਦੀ ਹੈ ਕਿ ਜੋ ਦੇਸ਼ ਵਿਦੇਸ਼ ਵਿੱਚ ਸਿੱਖ ਕੌਮ ਦੀ ਹੋ ਰਹੀ ਨਸਲਕੁਸ਼ੀ ਵਿ➡ਧ ਆਵਾਜ ਬੁਲੰਦ ਕਰਦੀ ਹੈ। ਇਸ ਮੌਕੇ ਉਕਤ ਆਗੂਆ ਤੋਂ ਇਲਾਵਾ ਸੂਰਤ ਸਿੰਘ ਮਮਦੋਟ, ਜੋਗਿੰਦਰ ਸਿੰਘ ਮੱਲੇਵਾਲ, ਬਲਕਾਰ ਸਿੰਘ ਜੋਗੇਵਾਲਾ, ਦਵਿੰਦਰ ਸਿੰਘ ਚੁਗੀਆ, ਗੁਰਵਿੰਦਰ ਸਿੰਘ ਮਹਾਲਮ, ਇਕਬਾਲ ਸਿੰਘ ਗੁਰੂਹਰਸਹਾਏ, ਜਗਜੀਤ ਸਿੰਘ ਤਾਲਮੇਲ ਸਕੱਤਰ ਯੂਥ ਵਿੰਗ ਪੰਜਾਬ, ਮੇਹਰ ਸਿੰਘ ਜੰਗ, ਸੁਖਦੇਵ ਸਿੰਘ ਵੇਹੜੀ, ਗੁਰਮੀਤ ਸਿੰਘ, ਮੋਹਨ ਸਿੰਘ ਨਿਆਜੀਆ, ਸੁਖਪ੍ਰੀਤ ਸਿੰਘ ਟਿੱਬੀ, ਪ੍ਰਗਟ ਸਿੰਘ ਵਾਹਕਾ, ਸੁੱਚਾ ਸਿੰਘ, ਲਖਵਿੰਦਰ ਸਿੰਘ ਸੁਪਰ, ਦਰਸ਼ਨ ਸਿੰਘ ਦਿਓਲ, ਸੁਖਜੀਤ ਸਿੰਘ ਮੱਖੂ, ਯਾਦਵਿੰਦਰ ਸਿੰਘ ਅਤੇ ਪਰਮਜੀਤ ਸਿੰਘ ਲੱਖਾ ਭੇਡੀਆਂ ਆਦਿ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਵਿਗੜੀ ਸਿਹਤ, ਦਿੱਲੀ ਦੇ ਅਪੋਲੋ ਹਸਪਤਾਲ 'ਚ ਕਰਵਾਇਆ ਭਰਤੀ



**ਨਵੀਂ ਦਿੱਲੀ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਸਿਹਤ ਫਿਰ ਵਿਗੜ ਗਈ ਹੈ। ਇਸ ਕਰਕੇ ਉਨ੍ਹਾਂ ਨੂੰ ਅੱਜ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਫਿਲਹਾਲ ਉਨ੍ਹਾਂ ਦੀ ਹਾਲਤ ਸਥਿਰ ਹੈ। ਮੈਡੀਕਲ ਬੁਲੇਟਿਨ ਜਲਦੀ ਹੀ ਜਾਰੀ ਕੀਤਾ ਜਾ ਸਕਦਾ ਹੈ। ਲਾਲ ਕ੍ਰਿਸ਼ਨ ਅਡਵਾਨੀ 97 ਸਾਲ ਦੇ ਹੋ ਗਏ ਹਨ। ਉਨ੍ਹਾਂ ਨੂੰ ਪਿਛਲੇ 4-5 ਮਹੀਨਿਆਂ 'ਚ ਕਈ ਵਾਰ ਹਸਪਤਾਲ 'ਚ ਭਰਤੀ ਹੋਣਾ ਪਿਆ। ਲਾਲ ਕ੍ਰਿਸ਼ਨ ਅਡਵਾਨੀ 97 ਸਾਲ ਦੇ ਹੋ ਗਏ ਹਨ। ਉਨ੍ਹਾਂ ਨੂੰ ਪਿਛਲੇ 4-5 ਮਹੀਨਿਆਂ 'ਚ ਕਈ ਵਾਰ ਹਸਪਤਾਲ 'ਚ ਭਰਤੀ ਹੋਣਾ ਪਿਆ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਅਗਸਤ ਮਹੀਨੇ ਵਿਚ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਲਾਲ ਕ੍ਰਿਸ਼ਨ ਅਡਵਾਨੀ ਪਿਛਲੇ ਕੁਝ ਸਮੇਂ ਤੋਂ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਸੇ ਸਾਲ ਉਨ੍ਹਾਂ ਨੂੰ ਦੇਸ਼ ਦੇ ਸਰਵਉੱਚ ਸਨਮਾਨ ਭਾਰਤ ਰਤਨ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਸਿਹਤ ਸਬੰਧੀ ਸਮੱਸਿਆਵਾਂ ਕਾਰਨ ਉਹ ਰਾਸ਼ਟਰਪਤੀ ਭਵਨ ਦੇ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ। ਉਨ੍ਹਾਂ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਹੀ ਭਾਰਤ ਰਤਨ ਦਿੱਤਾ ਗਿਆ ਸੀ।


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਪਰਮ ਸਤਿਕਾਰ ਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਸਨਿਮਰ ਬੇਨਤੀ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਨਾਮ ਬਾਣੀ ਦੇ ਰਸੀਏ
ਉੱਚੇ- ਸੁੱਚੇ ਜੀਵਨ ਦੇ ਧਾਰਨੀ, ਤਿਆਗ ਬੈਰਾਗ ਦੀ ਮੂਰਤਿ ਅਤੇ ਮਹਾਨ ਪਰਉਪਕਾਰੀ
ਬ੍ਰਹਮਗਿਆਨੀ ਬਾਬਾ ਠਾਕੁਰ ਸਿੰਘ ਜੀ
ਦੀ 20 ਸਾਲਾ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਗੁਰੂ ਅਰਜਨ ਦੇਵ ਗੁਰਦੁਆਰਾ, ਸਟੈਨਹੋਪ ਸਟਰੀਟ, ਡਰਬੀ DE23 6QJ ਵਿਖੇ
ਮਿਤੀ 27 ਦਸੰਬਰ 2024 ਤੋਂ 29 ਦਸੰਬਰ 2024 ਨੂੰ ਮਨਾਈ ਜਾ ਰਹੀ ਹੈ।
ਸੱਚਖੰਡ ਵਾਸੀ ਮਹਾਂਪੁਰਖ ਬਾਬਾ ਠਾਕੁਰ ਸਿੰਘ ਜੀ ਖਾਲਸਾ
ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਕਥਾ ਵਾਚਕ ਅਤੇ ਢਾਡੀ ਜੱਥੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਪ੍ਰੋਗਰਾਮਾਂ ਦਾ ਵੇਰਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਦਸੰਬਰ 2024 ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 29 ਦਸੰਬਰ 2024 ਦਿਨ ਐਤਵਾਰ ਸਵੇਰੇ 9:30 ਵਜੇ
ਉਪਰੰਤ ਭਾਰੀ ਦੀਵਾਨ ਸੱਜਣਗੇ
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਲਾਹਾ ਪ੍ਰਾਪਤ ਕਰੋ ਜੀ
ਗੁਰੂ ਪੰਥ ਦੇ ਦਾਸ : ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਸਮੂਹ ਸਾਧ ਸੰਗਤ ਡਰਬੀ
ਵਿਸ਼ੇਸ਼ ਸਹਿਯੋਗ : ਗੁਰੂ ਅਰਜਨ ਦੇਵ ਗੁਰਦੁਆਰਾ ਪ੍ਰਬੰਧਕ ਕਮੇਟੀ (07916253241, 01332-776872)


ਲੜੀਵਾਰ ਕਥਾ ਵਿਚਾਰ
CHARDIKLA TIME TV
7:30 ਤੋਂ 8:30
15 ਦਸੰਬਰ 2024
ਗੁ: ਬੰਗਲਾ ਸਾਹਿਬ ਦਿੱਲੀ ਤੋਂ
ਆਵਾਜ਼ਿ ਕੌਮ AWAZE QAUM International Newspaper & WEB TV
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ




# ਸਿੱਖ ਸੰਗਤਾਂ ਸੰਤ ਮਹਾਂਪੁਰਸ਼ਾਂ ਸਿੱਖ ਸ਼ਖਸ਼ੀਅਤਾਂ ਦੇ ਰਾਇ ਮਸ਼ਵਰੇ ਉਪਰੰਤ "ਪੰਜ ਪਿਆਰੇ ਪੰਜ ਸਿੰਘਾਂ" ਵਲੋਂ 13 ਦਸੰਬਰ 2024 ਨੂੰ ਕੁਰੂਕਸ਼ੇਤਰ ਵਿਖੇ ਹੋਏ "ਪੰਥਕ ਇਕੱਠ" ਵਿੱਚ

## 'ਸ਼੍ਰੋਮਣੀ ਅਕਾਲੀ ਦਲ ਆਜ਼ਾਦ' ਦਾ ਪ੍ਰਧਾਨ

# "ਜਥੇਦਾਰ ਬਲਜੀਤ ਸਿੰਘ ਦਾਦੂਵਾਲ"

## ਨੂੰ ਜੈਕਾਰਿਆਂ ਦੀ ਗੂੰਜ ਵਿੱਚ ਥਾਪਿਆ ਗਿਆ

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਕੁਰੂਕਸ਼ੇਤਰ ਵਿਖੇ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਦਾ ਪੰਜ ਪਿਆਰਿਆਂ ਨੇ ਕੀਤਾ ਐਲਾਨ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਚੁਣਿਆ ਪ੍ਰਧਾਨ

## ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜਿਆ ਦੀਵਾਨ ਹਾਲ






**ਕੁਰੂਕਸ਼ੇਤਰ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਮਸਲਿਆਂ ਦੇ ਹੱਲ ਅਤੇ ਧਾਰਮਿਕ ਚੋਣਾਂ ਲੜਨ ਲਈ 28 ਨਵੰਬਰ 2024 ਨੂੰ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ ਸਿੱਖ ਸੰਗਤਾਂ,ਸਿੱਖ ਸ਼ਖਸੀਅਤਾਂ,ਸੰਤ ਮਹਾਂਪੁਰਸ਼ਾਂ,ਸਿੱਖ ਚਿੰਤਕਾਂ,ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮੌਜੂਦਾ ਅਤੇ ਸਾਬਕਾ ਮੈਂਬਰ ਸਾਹਿਬਾਨਾਂ ਵੱਲੋਂ ਇੱਕ ਨਿਰੋਲ ਪੰਥਕ ਪਾਰਟੀ 'ਸ਼੍ਰੋਮਣੀ ਅਕਾਲੀ ਦਲ ਆਜ਼ਾਦ' ਦਾ ਐਲਾਨ ਕੀਤਾ ਗਿਆ ਸੀ। ਪਾਰਟੀ ਪ੍ਰਧਾਨ ਦੀ ਚੋਣ ਲਈ ਸਿੱਖ ਸੰਗਤਾਂ ਸੰਤ ਮਹਾਂਪੁਰਸ਼ਾਂ ਸਿੱਖ ਸ਼ਖਸ਼ੀਅਤਾਂ ਦਾ ਰਾਏ ਮਸ਼ਵਰਾ ਲੈ ਕੇ ਐਲਾਨ ਕਰਨ ਲਈ ਪੰਜ ਪਿਆਰਿਆਂ ਦੇ ਰੂਪ ਵਿੱਚ ਪੰਜ ਸਿੰਘਾਂ ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ,ਜਥੇਦਾਰ ਸਵਰਨ ਸਿੰਘ ਰਤੀਆ ਫਤਿਹਾਬਾਦ,ਜਥੇਦਾਰ ਮਲਕੀਤ ਸਿੰਘ ਪੰਨੀਵਾਲਾ ਸਿਰਸਾ,ਜਥੇਦਾਰ ਉਮਰਾਓ ਸਿੰਘ ਛੀਨਾ ਕੈਂਥਲ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾ ਨੂੰ ਜਿੰਮੇਵਾਰੀ ਸੌਂਪੀ ਗਈ ਸੀ।ਜਿਨਾਂ ਨੇ ਸਮੁੱਚੀ ਰਾਏ ਇਕੱਤਰ ਕਰਨ ਉਪਰੰਤ 13 ਦਸੰਬਰ 2024 ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਦੀਵਾਨ ਹਾਲ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰ ਹਜ਼ੂਰੀ ਅਤੇ ਪੰਥ ਦੇ ਪ੍ਰਭਾਵਸ਼ਾਲੀ ਇਕੱਠ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਵਜੋਂ ਐਲਾਨ ਕੀਤਾ ਪੰਜ ਸਿੰਘਾਂ ਵੱਲੋਂ ਜਦੋਂ ਹੀ ਜਥੇਦਾਰ ਦਾਦੂਵਾਲ ਜੀ ਦੇ ਨਾਮ ਦਾ ਐਲਾਨ ਕੀਤਾ ਗਿਆ ਤਾਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਿੱਖ ਸੰਗਤਾਂ ਵੱਲੋਂ ਦੀਵਾਨ ਹਾਲ ਗੂੰਜ਼ ਉੱਠਿਆ। ਕਿੰਨਾ ਚਿਰ ਸਤਿ ਸ੍ਰੀ ਅਕਾਲ ਦੇ ਜੈਕਾਰੇ ਲੱਗਦੇ ਰਹੇ ਉਪਰੰਤ ਪਹਿਲਾਂ ਪੰਜ ਪਿਆਰਿਆਂ ਵੱਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਸ੍ਰੀ ਸਾਹਿਬ ਭੇਂਟ ਕੀਤਾ ਉਪਰੰਤ ਸਮੁੱਚੇ ਸੰਤ ਮਹਾਂਪੁਰਸ਼ਾਂ ਪੰਥਕ ਜਥੇਬੰਦੀਆਂ ਸਿੱਖ ਸੰਗਤਾਂ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਸਮੂੰਹ ਅਹੁਦੇਦਾਰ ਮੌਜੂਦਾ ਅਤੇ ਸਾਬਕਾ ਮੈਂਬਰ ਸਾਹਿਬਾਨਾਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਉ ਭੇਟ ਕੀਤੇ। ਸਮਾਗਮ ਦੀ ਅਰੰਭਤਾ ਤੇ ਭਾਈ ਸੂਬਾ ਸਿੰਘ ਦੇ ਹਜ਼ੂਰੀ ਰਾਗੀ ਜੱਥੇ ਨੇ ਰਸਭਿੰਨਾ ਕੀਰਤਨ ਕੀਤਾ ਹਰਿਆਣਾ ਕਮੇਟੀ ਧਰਮ ਪ੍ਰਚਾਰ ਦੇ ਢਾਡੀ ਜੱਥਿਆਂ ਗਿ: ਸੁਖਚੈਨ ਸਿੰਘ ਸੀਤਲ ਅਤੇ ਗਿ: ਸੁਖਵਿੰਦਰ ਸਿੰਘ ਸੁਤੰਤਰ ਦੇ ਜਥੇ ਨੇ ਗੁਰੂ ਕਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਾਇਆ। ਹਰਿਆਣਾ ਕਮੇਟੀ ਨੇ ਆਪਣੇ ਨਵੇਂ ਬਣ ਰਹੇ ਮੁੱਖ ਦਫ਼ਤਰ ਦੀ ਬਹੁ ਮੰਜ਼ਿਲਾ ਨਵੀਂ ਇਮਾਰਤ ਜਥੇਦਾਰ ਕਰਤਾਰ ਸਿੰਘ ਝੱਬਰ ਹਾਲ ਦਾ ਨੀਂਹ ਪੱਥਰ ਰੱਖਿਆ। ਸਮਾਗਮ ਨੂੰ ਸੰਬੋਧਨ ਕਰਨ ਵਾਲੇ ਪੰਥਕ ਬੁਲਾਰਿਆਂ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ,ਜਥੇਦਾਰ ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ,ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ,ਪੰਥਕ ਬੁਲਾਰੇ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ,ਜਥੇਦਾਰ ਕਰਨੈਲ ਸਿੰਘ ਪੰਜੋਲੀ ਸਾਬਕਾ ਜਰਨਲ ਸਕੱਤਰ ਅਤੇ ਮੌਜੂਦਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ,ਜਥੇਦਾਰ ਪਰਮਜੀਤ ਸਿੰਘ ਸਹੌਲੀ ਪ੍ਰਧਾਨ ਸੁਤੰਤਰ ਅਕਾਲੀ ਦਲ,ਡਾ: ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਪੰਜਾਬ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਿੱਖ ਦਾਰਸ਼ਿਨਕ ਡਾ: ਸੁਰਿੰਦਰ ਸਿੰਘ ਗਿੱਲ ਕੋ – ਚੇਅਰ ਇੰਟਰਨੈਸ਼ਨਲ ਫੋਰਮ ਯੂਐਸਏ,ਗਿ:ਬਲਵੰਤ ਸਿੰਘ ਜੰਮੂ ਪ੍ਰਧਾਨ ਧਰਮ ਪ੍ਰਚਾਰ ਕੋਆਰਡੀਨੇਸ਼ਨ ਕਮੇਟੀ ਜੰਮੂ ਅਤੇ ਕਸ਼ਮੀਰ ਨੇ ਜਥੇਦਾਰ ਦਾਦੂਵਾਲ ਜੀ ਨੂੰ ਵਧਾਈ ਦਿੱਤੀ ਅਤੇ ਸੰਗਤਾਂ ਨੂੰ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦਾ ਤਨ ਮਨ ਧਨ ਨਾਲ ਸਾਥ ਦੇਣ ਦੀ ਅਪੀਲ ਕੀਤੀ। ਉਪਰੋਕਤ ਤੋਂ ਇਲਾਵਾ ਸਮਾਗਮ ਵਿੱਚ ਬਾਬਾ ਅਮਰੀਕ ਸਿੰਘ ਕਾਰ ਸੇਵਾ ਹੀਰਾ ਬਾਗ ਪਟਿਆਲਾ,ਬਾਬਾ ਜੋਗਾ ਸਿੰਘ ਕਾਰ ਸੇਵਾ ਤਰਾਵੜੀ,ਬਾਬਾ ਦਲਵਿੰਦਰ ਸਿੰਘ ਇਸਰਾਣਾ ਸਾਹਿਬ,ਬਾਬਾ ਦਿਲਬਾਗ ਸਿੰਘ ਕਾਰ ਸੇਵਾ ਸ੍ਰੀ ਅਨੰਦਪੁਰ ਸਾਹਿਬ,ਬਾਬਾ ਪਵਿੱਤਰ ਸਿੰਘ ਖਨੌਰੀ,ਬਾਬਾ ਸ਼ੁਬੇਗ ਸਿੰਘ ਕਾਰ ਸੇਵਾ ਸ੍ਰੀ ਗੋਇੰਦਵਾਲ ਸਾਹਿਬ,ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਪੰਥਕ ਸੇਵਾ ਲਹਿਰ ਦਾਦੂ ਸਾਹਿਬ,ਬਾਬਾ ਸਵਰਨ ਸਿੰਘ ਪੰਜਤੀਰਥੀ ਯਮੁਨਾਨਗਰ,ਬਾਬਾ ਜਸਬੀਰ ਸਿੰਘ ਨਾਮਧਾਰੀ,ਜਥੇਦਾਰ ਹਰਵੇਲ ਸਿੰਘ ਸਫੀਦੋਂ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ,ਜਥੇਦਾਰ ਬਲਵਿੰਦਰ ਸਿੰਘ ਮੁਖੀ ਨਿਹੰਗ ਸਿੰਘ ਇਸਮਾਈਲਾਬਾਦ,ਜਥੇਦਾਰ ਬਾਬਾ ਬੀਰਾ ਸਿੰਘ ਤਰਨਾ ਦਲ ਨਿਹੰਗ ਸਿੰਘ ਜੀਂਦ,ਜਥੇਦਾਰ ਸ਼ੇਰ ਸਿੰਘ ਦਲ ਬਾਬਾ ਫਤਿਹ ਸਿੰਘ ਪਿਹੋਵਾ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ,ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਅੰਬਾਲਾ,ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਰਾਣਾ,ਸੁਖਵਿੰਦਰ ਸਿੰਘ ਮੰਡੇਬਰ ਜਨਰਲ

(ਬਾਕੀ ਅਗਲੇ ਪੰਨੇ 'ਤੇ)






ਕੁਰੂਕਸ਼ੇਤਰ ਵਿਖੇ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਦਾ ਪੰਜ ਪਿਆਰਿਆਂ ਨੇ ਕੀਤਾ ਐਲਾਨ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਚੁਣਿਆ ਪ੍ਰਧਾਨ

## ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜਿਆ ਦੀਵਾਨ ਹਾਲ











ਸਕੱਤਰ,ਗੁਲਾਬ ਸਿੰਘ ਮੂਨਕ ਮੀਤ ਸਕੱਤਰ,ਪਰਮਜੀਤ ਸਿੰਘ ਮੱਕੜ ਅੰਤ੍ਰਿੰਗ ਮੈਂਬਰ,ਗੁਰਪ੍ਰਸਾਦਿ ਸਿੰਘ ਫਰੀਦਾਬਾਦ ਅੰਤ੍ਰਿੰਗ ਮੈਂਬਰ,ਬੀਬੀ ਪਰਮਿੰਦਰ ਕੌਰ ਜੀਂਦ ਅੰਤ੍ਰਿੰਗ ਮੈਂਬਰ,ਟੀਪੀ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ,ਮੈਂਬਰ ਗੁਰਮੀਤ ਸਿੰਘ ਮੀਤਾ ਪਿੰਜੌਰ,ਮੈਂਬਰ ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾ,ਮੈਂਬਰ ਹਰਬੰਸ ਸਿੰਘ ਕੜਕੌਲੀ ਯਮੁਨਾਨਗਰ,ਮੈਂਬਰ ਅਮਰਜੀਤ ਸਿੰਘ ਡਡਿਆਣਾ ਯਮੁਨਾਨਗਰ,ਮੈਂਬਰ ਰਜਿੰਦਰ ਸਿੰਘ ਡੁਲਿਆਣਾ ਅੰਬਾਲਾ,ਮੈਂਬਰ ਇੰਦਰਜੀਤ ਸਿੰਘ ਸਾਹਾ ਅੰਬਾਲਾ,ਕੈਪਟਨ ਦਿਲਬਾਗ ਸਿੰਘ ਮੈਂਬਰ,ਮੈਂਬਰ ਹਰਪਾਲ ਸਿੰਘ ਕੰਬੋਜ ਅੰਬਾਲਾ,ਮੈਂਬਰ ਬੇਅੰਤ ਸਿੰਘ ਨਲਵੀ ਸਪੋਕਸਮੈਨ,ਮੈਂਬਰ ਸੁਰਿੰਦਰ ਸਿੰਘ ਲਾਡਵਾ ਕੁਰੂਕਸ਼ੇਤਰ,ਮੈਂਬਰ ਹਰਵਿੰਦਰਪਾਲ ਸਿੰਘ ਬਿੰਦੂ ਕੁਰੂਕਸ਼ੇਤਰ,ਮੈਂਬਰ ਨਿਸਾਨ ਸਿੰਘ ਡਾਚਰ ਕਰਨਾਲ,ਮੈਂਬਰ ਅਜੈਬ ਸਿੰਘ ਨਿੰਮਨਾਬਾਦ,ਮੈਂਬਰ ਸਤਿੰਦਰ ਸਿੰਘ ਮੰਟਾ ਰਸ਼ੀਦਾਂ,ਮੈਂਬਰ ਪਰਮਜੀਤ ਸਿੰਘ ਮਾਖਾ ਸਿਰਸਾ,ਮੈਂਬਰ ਮਲਕੀਤ ਸਿੰਘ ਪੰਨੀਵਾਲਾ ਸਿਰਸਾ,ਮੈਂਬਰ ਗੁਰਪਾਲ ਸਿੰਘ ਗੋਰਾ ਐਲਨਾਬਾਦ ਸਿਰਸਾ,ਮੈਂਬਰ ਮਾਲਕ ਸਿੰਘ ਭਾਵਦੀਨ ਸਿਰਸਾ,ਮੈਂਬਰ ਕਾਬਲ ਸਿੰਘ ਕੈਂਥਲ,ਮੈਂਬਰ ਦਵਿੰਦਰ ਸਿੰਘ ਹਾਬੜੀ ਕੈਂਥਲ,ਬੀਬੀ ਬਲਜਿੰਦਰ ਕੌਰ ਚੀਕਾ ਸਾਬਕਾ ਮੈਂਬਰ,ਸੋਹਣ ਸਿੰਘ ਗਰੇਵਾਲ ਦਾਦੂ ਸਾਹਿਬ ਸਾਬਕਾ ਮੈਂਬਰ,ਗਿ:ਸਾਹਿਬ ਸਿੰਘ ਚੱਕੂ ਸਾਬਕਾ ਮੈਂਬਰ,ਤਜਿੰਦਰਪਾਲ ਸਿੰਘ ਨਾਰਨੌਲ ਸਾਬਕਾ ਮੈਂਬਰ,ਸਵਰਨ ਸਿੰਘ ਰਤੀਆ ਸਾਬਕਾ ਮੀਤ ਪ੍ਰਧਾਨ,ਭਾਈ ਸਰਬਜੀਤ ਸਿੰਘ ਵਿਰਕ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਪ੍ਰਸਿੱਧ ਸੂਫੀ ਗਾਇਕ ਸ਼ਮਸ਼ੇਰ ਸਿੰਘ ਲਹਿਰੀ,ਜਥੇਦਾਰ ਗੁਰਜਿੰਦਰ ਸਿੰਘ ਜੀਂਦ,ਭਾਈ ਮਨਦੀਪ ਸਿੰਘ ਹੀਰਾਂਵਾਲੀਆ ਇਟਲੀ,ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਸਾਹੋਕੇ ਮੋਗਾ,ਬਲਵਿੰਦਰ ਸਿੰਘ ਟਹਿਣਾ ਫਰੀਦਕੋਟ,ਇੰਦਰਪਾਲ ਸਿੰਘ ਕਰਨਾਲ,ਬੀਬੀ ਗਗਨਦੀਪ ਕੌਰ ਗੁੜਗਾਂਉ,ਜਥੇਦਾਰ ਸੁਖਦੇਵ ਸਿੰਘ ਗੋਬਿੰਦਗੜ,ਲਖਵਿੰਦਰ ਸਿੰਘ ਸਤਗੋਲੀ,ਲਖਵਿੰਦਰ ਸਿੰਘ ਬਸੰਤਪੁਰਾ,ਮਨਮੋਹਨ ਸਿੰਘ ਰਦੌਰ,ਸਕੱਤਰ ਸਰਬਜੀਤ ਸਿੰਘ ਜੰਮੂ,ਇੰਚਾਰਜ ਗੁਰਭੇਜ ਸਿੰਘ,ਇੰਚਾਰਜ ਗਿ:ਸੂਬਾ ਸਿੰਘ ਸਬ ਦਫਤਰ ਜੀਂਦ,ਇੰਚਾਰਜ ਸਿਕੰਦਰ ਸਿੰਘ ਵਰਾਣਾ,ਇੰਚਾਰਜ ਬਲਵੰਤ ਸਿੰਘ ਗੋਪਾਲਾ,ਸਕੱਤਰ ਰਾਜਪਾਲ ਸਿੰਘ ਔਲਖ,ਬਲਜੀਤ ਸਿੰਘ ਪੀਏ,ਜਗਮੀਤ ਸਿੰਘ ਬਰਾੜ,ਗੁਰਸੇਵਕ ਸਿੰਘ ਰੰਗੀਲਾ,ਸਰਪੰਚ ਦਰਸ਼ਨ ਸਿੰਘ ਦਾਦੂ ਸਾਹਿਬ,ਸਰਪੰਚ ਗੁਰਲਾਲ ਸਿੰਘ ਝੀਂਡਾ,ਮਨਪ੍ਰੀਤ ਸਿੰਘ ਸੀਂਘੜਾ,ਗਿ:ਸਰਬਜੀਤ ਸਿੰਘ ਝੀਂਡਾ,ਗਿ:ਸਿਮਰਨਜੀਤ ਸਿੰਘ,ਗਿ:ਬੂਟਾ ਸਿੰਘ ਪੰਜੋਖਰਾ ਸਾਹਿਬ ਵੀ ਇਸ ਸਮੇਂ ਹਾਜ਼ਰ ਸਨ ਪੰਜ ਪਿਆਰਿਆ ਪੰਜ ਸਿੰਘਾਂ ਨੇ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਖਜ਼ਾਨੇ ਲਈ ਇੱਕ ਇੱਕ ਲੱਖ ਰੁਪਿਆ ਵੀ ਭੇਂਟ ਕੀਤਾ।ਜਥੇਦਾਰ ਦਾਦੂਵਾਲ ਜੀ ਨੇ ਸੁਖਵਿੰਦਰ ਸਿੰਘ ਮੰਡੇਬਰ ਨੂੰ ਪਾਰਟੀ ਦਾ ਜਰਨਲ ਸਕੱਤਰ ਉਮਰਾਓ ਸਿੰਘ ਛੀਨਾ ਕੈਂਥਲ ਨੂੰ ਖਜ਼ਾਨਚੀ ਛਿੰਦਰਪਾਲ ਸਿੰਘ ਬਰਾੜ ਨੂੰ ਆਪਣਾ ਸਲਾਹਕਾਰ ਐਡਵੋਕੇਟ ਮਨਿੰਦਰ ਸਿੰਘ ਕੈਂਥਲ ਅਤੇ ਐਡਵੋਕੇਟ ਅੰਗਰੇਜ ਸਿੰਘ ਪੰਨੂ ਨੂੰ ਸਾਡਾ ਪਾਰਟੀ ਦਾ ਕਨੂੰਨੀ ਸਲਾਹਕਾਰ ਨਿਯੁਕਤ ਕਰਨ ਦਾ ਐਲਾਨ ਕੀਤਾ। ••








# ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸਾਹਿਬਜਾਦੇ ਧੰਨ ਧੰਨ ਬਾਬਾ ਫਤਹਿ ਸਿੰਘ ਜੀ ਦੇ ਪਰਕਾਸ਼ ਦਿਵਸ ਦੀਆਂ ਸਮੂਹ ਸੰਗਤਾ ਨੂੰ ਲੱਖ-ਲੱਖ ਵਧਾਈਆ ਹੋਣ ਜੀ










































ਆਵਾਜ਼ਿ ਕੌਮ AWAZE QAUM International Newspaper & WEB TV

**--✶ ਵੱਲੋਂ ✶--**

ਕੈਬਨਿਟ ਮੰਤਰੀ ਸ, ਹਰਭਜਨ ਸਿੰਘ ਈ ਟੀ ਉ ਸ, ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਐਕਸਾਈਜ਼ ਐਡ ਟੈਕਸੇਸ਼ਨ ਸਹਾਲਕਾਰ ਕਮੇਟੀ ਦੇ ਮੈਬਰ ਪੰਜਾਬ ਸਰਕਾਰ ਜਿਲਾ ਪ੍ਰਧਾਨ ਵਪਾਰ ਮੰਡਲ ਵਿੰਗ ਅੰਮ੍ਰਿਤਸਰ ਅਤੇ ਪੀ ਏ ਸ੍ਰੀ ਵਿਨੀਤ ਵਰਮਾ, ਸ, ਬਲਕਾਰ ਸਿੰਘ ਬਾਠ ਪੀ ਬੀ ਐਸ ਸ਼ੋਪਿੰਗ ਮੌਲ ਚੌਕ ਮਹਿਤਾ ਵਾਲੇ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਸਰਪੰਚ ਉਸਮਾ, ਐਮ ਡੀ ਰਘਬੀਰ ਸਿੰਘ ਸੋਹਲ, ਡਾ, ਬਲਵਿੰਦਰ ਸਿੰਘ ਬੱਲ,, ਮਨਪ੍ਰੀਤ ਸਿੰਘ ਟੱਕਰ, ਡਾ, ਗੁਰਪਰਾਪ ਸਿੰਘ ਜੰਮੂ,ਪ੍ਰਿੰਸੀਪਲ ਤੇਜਬੀਰ ਸਿੰਘ ਸੋਹਲ, ਪ੍ਰਿੰਸੀਪਲ ਸ਼ਿਵਚਰਨ ਸਿੰਘ ਰੰਧਾਵਾ ਚੰਨਣਕੇ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਚੌਕ ਮਹਿਤਾ,ਡਾ, ਸਰਤਾਜ ਸਿੰਘ ਮੱਤੇਵਾਲ,ਸ, ਐਮ ਡੀ ਸ, ਕੁਲਜੀਤ ਸਿੰਘ ਬਾਠ, ਰਮਨਬੀਰ ਸਿੰਘ ਲੱਧਾ ਮੁੰਡਾ, ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ, ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ,ਆਦਿ ਹਾਜ਼ਰ ਸਨ। (ਜਾਰੀ ਕਰਤਾ : ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)



# ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸਾਹਿਬਜ਼ਾਦੇ ਧੰਨ ਧੰਨ ਬਾਬਾ ਫਤਹਿ ਸਿੰਘ ਜੀ ਦੇ ਪਰਕਾਸ਼ ਦਿਵਸ ਦੀਆਂ ਸਮੂਹ ਸੰਗਤਾ ਨੂੰ ਲੱਖ-ਲੱਖ ਵਧਾਈਆ ਹੋਣ ਜੀ




--✶ ਵੱਲੋਂ ✶--

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਸੰਤ ਸਮਾਜ ਮਾਝਾ ਜੌਨ

## ਜਾਰੀ ਕਰਤਾ : ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ

### ਨਵ-ਨਿਯੁਕਤ ਸਰਪੰਚਾਂ ਅਤੇ ਪੰਚਾਂ ਨੂੰ

# ਪੰਚਾਇਤ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਸਿਖਲਾਈ ਕੈਂਪ ਜਾਰੀ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਦੀ ਯੋਗ ਅਗਵਾਈ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਮੋਹਾਲੀ ਦੇ ਸਹਿਯੋਗ ਨਾਲ ਬਲਾਕ ਸੰਗਰੂਰ ਵਿਖੇ ਨਵੇਂ ਚੁਣੇ ਗਏ ਸਰਪੰਚਾਂ ਅਤੇ ਪੰਚਾਂ ਲਈ ਮੁੱਢਲੀ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਸਿਖਲਾਈ ਕੈਂਪਾਂ ਦੌਰਾਨ ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ ਨੇ ਬਲਾਕ ਦੀਆਂ ਗਰਾਮ ਪੰਚਾਇਤਾਂ ਦੇ ਨਵ-ਨਿਯੁਕਤ ਸਰਪੰਚਾਂ ਅਤੇ ਪੰਚਾਂ ਨੂੰ ਵਧਾਈ ਦਿੱਤੀ। ਉਨ੍ਹਾਂ ਸਰਪੰਚਾਂ ਅਤੇ ਪੰਚਾਂ ਨੂੰ ਪੰਚਾਇਤ ਦੇ ਕੰਮਕਾਜ ਸੁਚਾਰੂ ਰੂਪ ਨਾਲ ਚਲਾਉਣ ਲਈ ਸਿਖਲਾਈ ਪ੍ਰਾਪਤ ਕਰਨ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਇਨ੍ਹਾਂ ਸਿਖਲਾਈ ਕੈਂਪਾਂ ਦੌਰਾਨ ਮਾਸਟਰ ਰਿਸੋਰਸ ਪਰਸਨ ਲਖਵਿੰਦਰ ਸਿੰਘ ਅਤੇ ਮੈਡਮ ਅਨੀਤਾ ਸ਼ਰਮਾ ਵੱਲੋਂ ਨਵੇਂ ਚੁਣੇ ਗਏ ਸਰਪੰਚਾਂ ਅਤੇ ਪੰਚਾਂ ਨੂੰ 73ਵੀਂ ਸੋਧ, ਪੰਜਾਬ ਪੰਚਾਇਤੀ ਰਾਜ ਐਕਟ 1994, ਸਥਾਈ ਵਿਕਾਸ ਦੇ ਟੀਚੇ, ਵਿਲੇਜ਼ ਕਾਮਨ ਲੈਂਡ ਐਕਟ 1961, ਥੀਮੈਟਿਕ ਜੀ.ਪੀ.ਡੀ.ਪੀ., 15ਵਾਂ ਵਿੱਤ ਕਮਿਸ਼ਨ, ਮਗਨਰੇਗਾ, ਈ–ਗਰਾਮ ਸਵਰਾਜ, ਪੀ.ਡੀ.ਆਈ ਅਤੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਕੰਮਾਂ ਅਤੇ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਗਰਾਮ ਪੰਚਾਇਤਾਂ ਨਾਲ ਸਬੰਧਤ ਵਿਭਾਗ, ਸੀ.ਡੀ.ਪੀ.ਓ. ਵਿਭਾਗ, ਸਿਹਤ ਵਿਭਾਗ, ਮਗਨਰੇਗਾ, ਜਲ-ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਐਨ.ਆਰ.ਐਲ.ਐਮ. ਦੇ ਅਧਿਕਾਰੀਆਂ ਵੱਲੋਂ ਵੀ ਪੇਂਡੂ ਵਿਕਾਸ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

### ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ 'ਤੇ

# ਭਾਰਤੀ ਹਕੂਮਤ ਵੱਲੋਂ ਜ਼ੁਲਮ ਅੱਤ ਨਿੰਦਣਯੋਗ : ਵਰਲਡ ਸਿੱਖ ਪਾਰਲੀਮੈਂਟ



**ਫਰੈਂਕਫਰਟ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਜਤਿੰਦਰ ਸਿੰਘ ਜਰਮਨੀ, ਭਾਈ ਜਸਵਿੰਦਰ ਸਿੰਘ ਹਾਲੈਂਡ, ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਨੇ ਪ੍ਰੈੱਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਮਹਾਰਾਸ਼ਟਰ ਰਾਜ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਵਰਲਡ ਸਿੱਖ ਪਾਰਲੀਮੈਂਟ ਦਿਲੀ ਚਲੋ ਅੰਦੋਲਨ ਤਹਿਤ ਸੰਘਰਸ਼ ਕਰ ਰਹੇ ਕਿਸਾਨਾਂ ਉਤੇ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਤਸ਼ੱਦਦ 'ਤੇ ਡੂੰਘੀ ਚਿੰਤਾ ਪ੍ਰਗਟ ਕਰਦੀ ਹੈ ਅਤੇ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਜਿਨ੍ਹਾਂ ਦੀ ਸਿਹਤ ਨਾਜ਼ੁਕ ਪੜਾਅ 'ਤੇ ਪਹੁੰਚ ਗਈ ਹੈ, ਨੂੰ ਆਪਣਾ ਪੂਰਾ ਸਮਰਥਨ ਦਿੰਦੀ ਹੈ। ਕਿਸਾਨ ਆਗੂਆਂ ਦਾ ਆਪਣੀ ਹੱਕੀ ਮੰਗਾਂ ਲਈ ਮਰਨ ਵਰਤ ਤੇ ਬੈਠਣਾ ਅੱਜ ਭਾਰਤ ਵਿੱਚ ਸਿੱਖ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਗੰਭੀਰ ਸਥਿਤੀਆਂ ਨੂੰ ਦਰਸਾਉਂਦਾ ਹੈ।

**ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਸੰਘਰਸ਼ ਦੀ ਸਮੂਹ ਇਨਸਾਫ਼ ਪਸੰਦ ਲੋਕਾਈ ਨੂੰ ਸਹਿਯੋਗ ਕਰਨ ਦੀ ਅਪੀਲ**

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਦੁਆਰਾ ਪੰਜਾਬ ਦੇ ਕਿਸਾਨਾਂ ਨੂੰ ਗਿਣੀ ਮਿੱਥੀ ਸਾਜ਼ਿਸ਼ ਅਧੀਨ ਅਣਗੌਲਿਆ ਕਰਨਾ ਪੰਜਾਬ ਅਤੇ ਇਸ ਦੀ ਸਿੱਖ ਬਹੁਗਿਣਤੀ ਨੂੰ ਆਰਥਿਕ ਤੌਰ 'ਤੇ ਆਪਣੇ ਅਧੀਨ ਕਰਨ ਦੇ ਵੱਡੇ ਏਜੰਡੇ ਦਾ ਹਿੱਸਾ ਹੈ।ਘੱਟੋ-ਘੱਟ ਸਮਰਥਨ ਮੁੱਲ ਦੀ ਸੁਰੱਖਿਆ ਤੋਂ ਇਨਕਾਰ ਕਰਨਾ, ਸਰਕਾਰੀ ਹਿੰਸਾ ਨਾਲ ਵਿਰੋਧ ਪ੍ਰਦਰਸ਼ਨਾਂ ਨੂੰ ਕੁਚਲਣਾ ਅਤੇ ਕਿਸਾਨ ਪੈਨਸ਼ਨਾਂ ਅਤੇ ਕਰਜ਼ਾ ਮੁਕਤੀ ਵਰਗੇ ਗੰਭੀਰ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨਾ, ਇਹ ਸਭ ਜ਼ੁਲਮ ਦੇ ਸੰਦ ਹਨ। ਇਹ ਕਾਰਵਾਈਆਂ ਜਿੱਥੇ ਭਾਰਤ ਦੀ ਹਿੰਦੁਤਵੀ ਸਰਕਾਰ ਦੇ ਮਾੜੇ ਸ਼ਾਸਨ ਨੂੰ ਦਰਸਾਉਂਦੀਆਂ ਹਨ ਉੱਥੇ ਇਹ ਸਿੱਖਾਂ ਦੀ ਅਜ਼ਾਦੀ ਅਤੇ ਵਿਲੱਖਣ ਪਛਾਣ ਨੂੰ ਕਮਜ਼ੋਰ ਕਰਨ ਲਈ ਕੀਤੇ ਜਾ ਰਹੇ ਘਿਨਾਉਣੇ ਯਤਨ ਹਨ।

ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਅਪਣੀਆਂ ਮੰਗਾਂ ਦੀ ਪੂਰਤੀ ਲਈ ਦਿੱਲੀ ਵੱਲ ਕੂਚ ਕਰਦੇ ਸ਼ਾਂਤਮਈ ਕਿਸਾਨਾਂ ਉੱਤੇ ਸਿੱਧੀਆਂ ਗੋਲੀਆਂ ਮਾਰ ਕੇ, ਹੰਝੂ ਗੈਸ ਅਤੇ ਪਾਣੀਆਂ ਦੀਆਂ ਬੁਛਾੜਾਂ ਨਾਲ ਰੋਕਣਾ ਦਰਸਾਉਂਦਾ ਹੈ ਕਿ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਨਹੀਂ ਬਲਕਿ ਜ਼ੁਲਮ ਨਾਲ ਉਹਨਾਂ ਦੀ ਅਵਾਜ਼ ਦਬਾਉਣ ਦੀ ਨੀਤੀ ਉੱਤੇ ਚੱਲ ਰਹੀ ਹੈ । ਭਾਰਤ ਸਰਕਾਰ ਦਾ ਕਿਸਾਨਾਂ ਨਾਲ ਗੱਲਬਾਤ ਦੀ ਜਗ੍ਹਾ ਜ਼ੁਲਮ ਦਾ ਰਾਹ ਫੜਨਾ ਭਾਰਤ ਅੰਦਰ ਸਿੱਖਾਂ ਦੇ ਜਮਹੂਰੀ ਹੱਕਾਂ ਉਤੇ ਹਮਲਾ ਹੈ । ਹਿੰਦੁਤਵੀ ਸਰਕਾਰ ਦੀਆਂ ਹਿੰਸਕ ਚਾਲਾਂ ਸਾਨੂੰ 1947 ਤੋਂ ਹੀ ਸਿੱਖਾਂ 'ਤੇ ਕੀਤੇ ਜਾ ਰਹੇ ਸਰੀਰਕ, ਧਾਰਮਿਕ, ਮਾਨਸਿਕ ਅਤੇ ਆਰਥਿਕ ਹਮਲਿਆਂ ਦੀ ਯਾਦ ਦਿਵਾਉਂਦੀਆਂ ਹਨ ।

ਵਰਲਡ ਸਿੱਖ ਪਾਰਲੀਮੈਂਟ ਦੁਨੀਆ ਭਰ ਦੇ ਸਿੱਖਾਂ ਨੂੰ ਭਾਰਤ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਜਾ ਰਹੇ ਜ਼ੁਲਮ ਪ੍ਰਤੀ ਜਾਗਰਤ ਹੋਣ ਦੀ ਅਪੀਲ ਕਰਦੀ ਹੈ। ਆਰਥਿਕ ਸ਼ੋਸ਼ਣ ਤੋਂ ਲੈ ਕੇ ਸੱਭਿਆਚਾਰਕ ਖਾਤਮੇ ਤੱਕ, ਭਾਰਤ ਸਰਕਾਰ ਸਿੱਖਾਂ ਨਾਲ ਲਗਾਤਾਰ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਸਲੂਕ ਕਰ ਰਹੀ ਹੈ। ਕਿਸਾਨਾਂ ਵੱਲੋਂ ਐਮਐਸਪੀ ਦੀ ਮੰਗ ਸਿਰਫ਼ ਵਿੱਤੀ ਸੁਰੱਖਿਆ ਬਾਰੇ ਨਹੀਂ ਹੈ-ਇਹ ਪੰਜਾਬ ਦੀ ਕਿਸਾਨੀ ਵਿਰਾਸਤ ਦੀ ਰਾਖੀ ਕਰਨ ਅਤੇ ਸਿੱਖ ਹੱਕਾਂ ਨੂੰ ਦਬਾਉਣ ਦਾ ਵਿਰੋਧ ਕਰਨ ਬਾਰੇ ਹੈ। ਹੁਣ ਸਮਾਂ ਆ ਗਿਆ ਹੈ ਕਿ ਇਕਜੁੱਟ ਹੋ ਕੇ ਇਨ੍ਹਾਂ ਅਨਿਆਂ ਦਾ ਵਿਰੋਧ ਕੀਤਾ ਜਾਵੇ।

ਵਰਲਡ ਸਿੱਖ ਪਾਰਲੀਮੈਂਟ ਅੰਤਰਰਾਸ਼ਟਰੀ ਭਾਈਚਾਰੇ ਨੂੰ ਕਿਸਾਨਾਂ ਅਤੇ ਘੱਟ ਗਿਣਤੀਆਂ ਨਾਲ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਜ਼ੁਲਮ ਅਤੇ ਅਨਿਆਂ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕਰਦੀ ਹੈ । ਅਸੀਂ ਭਾਰਤ ਦੀ ਹਿੰਦੁਤਵੀ ਸਰਕਾਰ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਸਿੱਖ ਜ਼ੁਲਮ ਅੱਗੇ ਕਦੇ ਝੁਕਦੇ ਨਹੀਂ ਬਲਕਿ ਦੂਣ ਸਵਾਏ ਹੋ ਕੇ ਜ਼ੁਲਮ ਦਾ ਟਾਕਰਾ ਕਰਕੇ ਉਸ ਦਾ ਨਾਸ ਕਰ ਦਿੰਦੇ ਹਨ ।ਅਸੀਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਇਨਸਾਫ਼ ਲਈ ਲੜਨ ਵਾਲਿਆਂ ਦੇ ਨਾਲ ਖੜੇ ਹਾਂ। ਇਹ ਲੜਾਈ ਕਿਸਾਨਾਂ ਦੀ ਨਹੀਂ ਬਲਕਿ ਸਾਡੀ ਸਭ ਦੀ ਸਾਂਝੀ ਲੜਾਈ ਹੈ ਤੇ ਅੰਤ ਨੂੰ ਹੱਕ ਤੇ ਸੱਚ ਦੀ ਜਿੱਤ ਹੋਵੇਗੀ ।

# ਬੀਤੇ ਇੱਕ ਹਫਤੇ ਦੌਰਾਨ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਸੰਗਰੂਰ ਵਿਖੇ 06 ਮੁਕੱਦਮੇ ਦਰਜ, 08 ਜਣੇ ਗ੍ਰਿਫਤਾਰ - ਸਰਤਾਜ ਸਿੰਘ ਚਾਹਲ

## ਓਪਰੇਸ਼ਨ ਸੰਪਰਕ ਤਹਿਤ ਸ਼ੇਰਪੁਰ ਵਿੱਚ ਸੈਮੀਨਾਰ ਕਰਵਾਇਆ



**ਸੰਗਰੂਰ,( ਰਣਜੀਤ ਸਿੰਘ ਪੇਧਨੀ )**- "ਓਪਰੇਸ਼ਨ ਸੰਪਰਕ" ਤਹਿਤ ਸੰਗਰੂਰ ਪੁਲਿਸ ਵੱਲੋਂ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਦੇ ਸੰਕਲਪ ਨੂੰ ਹੋਰ ਮਜਬੂਤ ਕਰਨ ਲਈ ਸ਼ੇਰਪੁਰ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਵੱਲੋਂ ਸ਼ੇਰਪੁਰ ਬਲਾਕ ਅਧੀਨ ਪੈਂਦੇ ਪਿੰਡ ਦੇ ਪੰਚਾਂ, ਸਰਪੰਚਾਂ ਅਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਪੁਲਿਸ ਦਾ ਸਹਿਯੋਗ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸ੍ਰੀ ਸਰਤਾਜ ਸਿੰਘ ਚਾਹਲ ਐਸ.ਐਸ.ਪੀ. ਸੰਗਰੂਰ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ 7 ਦਸੰਬਰ ਤੋਂ 13 ਦਸੰਬਰ ਤੱਕ ਡਰੱਗ ਦੇ 03 ਮੁਕੱਦਮੇ ਦਰਜ ਕਰਕੇ 05 ਕਥਿਤ ਦੋਸ਼ੀ ਕਾਬੂ ਕਰਕੇ 11 ਗ੍ਰਾਮ ਹੈਰੋਇਨ, 30 ਕਿੱਲੋਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 03 ਮੁਕੱਦਮੇ ਦਰਜ ਕਰਕੇ 03 ਕਥਿਤ ਦੋਸ਼ੀ ਕਾਬੂ ਕਰਕੇ 20.250 ਲੀਟਰ ਸ਼ਰਾਬ ਠੇਕਾ ਦੇਸੀ ਅਤੇ 36 ਲੀਟਰ ਸ਼ਰਾਬ ਅੰਗਰੇਜੀ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਦੜੇ ਸੱਟੇ ਦਾ ਧੰਦਾ ਕਰਨ ਵਾਲੇ 04 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ 01 ਮੁਕੱਦਮਾ ਦਰਜ ਕਰਕੇ 18,600/- ਰੁਪਏ ਬ੍ਰਾਮਦ ਕਰਵਾਏ ਗਏ ਹਨ। ਜ਼ਿਲ੍ਹਾ ਪੁਲਿਸ ਮੁਖੀ ਨੇ ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ, ਖੇਡ ਕਲੱਬਾਂ ਅਤੇ ਮੋਹਤਬਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਹਫਤੇ ਵੱਖ ਵੱਖ ਗਜਟਿਡ ਅਫਸਰਾਂ ਵੱਲੋਂ 29 ਪਿੰਡਾਂ ਤੇ ਕਸਬਿਆਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਐਸ ਐਸ ਪੀ ਨੇ ਕਿਹਾ ਕਿ ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# 6 ਸਕੂਲਾਂ 'ਚ ਹਫੜਾ-ਦਫੜੀ ਦਾ ਮਾਹੌਲ, ਬੰਬ ਨਾਲ ਉਡਾਉਣ ਦੀ ਧਮਕੀ, 5 ਦਿਨਾਂ 'ਚ ਦੂਜੀ ਘਟਨਾ




**ਨਵੀਂ ਦਿੱਲੀ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਛੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਜਾਣਕਾਰੀ ਲਈ ਦੱਸ ਦੇਈਏ ਕਿ ਇਨ੍ਹਾਂ ਵਿੱਚ ਪੱਛਮੀ ਵਿਹਾਰ ਸਥਿਤ ਭਟਨਾਗਰ ਇੰਟਰਨੈਸ਼ਨਲ ਸਕੂਲ, ਸ੍ਰੀਨਿਵਾਸਪੁਰੀ ਵਿੱਚ ਕੈਂਬਰਿਜ ਸਕੂਲ, ਕੈਲਾਸ਼ ਦੇ ਪੂਰਬ ਵਿੱਚ ਡੀਪੀਐਸ ਅਮਰ ਕਲੋਨੀ, ਡਿਫੈਂਸ ਕਾਲੋਨੀ ਸਥਿਤ ਦੱਖਣੀ ਦਿੱਲੀ ਪਬਲਿਕ ਸਕੂਲ, ਸਫਦਰਜੰਗ ਸਥਿਤ ਦਿੱਲੀ ਪੁਲਿਸ ਪਬਲਿਕ ਸਕੂਲ ਅਤੇ ਵੈਂਕਟੇਸ਼ਵਰ ਗਲੋਬਲ ਸਕੂਲ ਸ਼ਾਮਲ ਹਨ। ਇਨ੍ਹਾਂ ਸਕੂਲਾਂ ਦੀ ਜਾਂਚ ਲਈ ਫਾਇਰ ਬ੍ਰਿਗੇਡ ਅਤੇ ਪੁਲਿਸ ਮੁਲਾਜ਼ਮ ਪਹੁੰਚ ਗਏ ਹਨ। ਹਾਲਾਂਕਿ ਅਜੇ ਤੱਕ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ। ਮਾਪੇ ਤੁਰੰਤ ਆਪਣੇ ਬੱਚਿਆਂ ਨੂੰ ਸਕੂਲ ਤੋਂ ਲੈਣ ਲਈ ਉਥੇ ਪਹੁੰਚ ਗਏ। ਦੱਸ ਦੇਈਏ ਕਿ ਸ਼ੁੱਕਰਵਾਰ ਸਵੇਰੇ ਬੰਬ ਦੀ ਧਮਕੀ ਵਾਲੀਆਂ ਈਮੇਲਾਂ ਪ੍ਰਾਪਤ ਹੋਈਆਂ। ਇਸ ਤੋਂ ਪਹਿਲਾਂ 9 ਦਸੰਬਰ ਨੂੰ ਵੀ ਸਕੂਲਾਂ ਨੂੰ ਇਸੇ ਤਰ੍ਹਾਂ ਦੇ ਬੰਬ ਦੀ ਧਮਕੀ ਦੀ ਸੂਚਨਾ ਮਿਲੀ ਸੀ। ਉਸ ਸਮੇਂ ਘੱਟੋ-ਘੱਟ 44 ਸਕੂਲਾਂ ਨੂੰ ਈ-ਮੇਲ ਰਾਹੀਂ ਬੰਬ ਦੀ ਧਮਕੀ ਦਿੱਤੀ ਗਈ ਸੀ। ਬਾਅਦ ਵਿੱਚ ਪੁਲਿਸ ਨੇ ਉਨ੍ਹਾਂ ਧਮਕੀਆਂ ਨੂੰ ਗਲਤ ਕਰਾਰ ਦਿੱਤਾ। ਦਿੱਲੀ ਫਾਇਰ ਸਰਵਿਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਧਮਕੀ ਸਬੰਧੀ ਪਹਿਲੀ ਕਾਲ ਸਵੇਰੇ 4.21 ਵਜੇ ਆਈ ਅਤੇ ਉਸ ਤੋਂ ਬਾਅਦ ਬੰਬ ਦੀ ਧਮਕੀ ਦੀਆਂ ਕਈ ਕਾਲਾਂ ਆਉਂਦੀਆਂ ਰਹੀਆਂ।

**5 ਦਿਨ ਪਹਿਲਾਂ ਵੀ ਮਿਲੀ ਸੀ ਧਮਕੀ** : 5 ਦਿਨ ਪਹਿਲਾਂ ਵੀ ਕਰੀਬ 40 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੀ ਮੇਲ ਆਈ ਸੀ, ਜਿਸ ਤੋਂ ਬਾਅਦ ਬੱਚਿਆਂ ਨੂੰ ਵਾਪਸ ਘਰ ਭੇਜ ਦਿੱਤਾ ਗਿਆ ਸੀ। ਮੇਲ ਭੇਜਣ ਵਾਲੇ ਨੇ ਬੰਬ ਵਿਸਫੋਟ ਨਾ ਕਰਨ ਦੇ ਬਦਲੇ 30 ਹਜ਼ਾਰ ਅਮਰੀਕੀ ਡਾਲਰ ਮੰਗੇ ਸਨ।

**150 ਤੋਂ ਵੱਧ ਸਕੂਲਾਂ ਨੂੰ ਧਮਕੀਆਂ ਮਿਲੀਆਂ ਹਨ**: ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦਿੱਲੀ ਦੇ ਸਕੂਲਾਂ ਨੂੰ ਬੰਬ ਦੀ ਧਮਕੀ ਮਿਲੀ ਹੈ।ਮਈ 2024 ਵਿੱਚ ਵੀ, 150 ਤੋਂ ਵੱਧ ਸਕੂਲਾਂ ਵਿੱਚ ਬੰਬ ਧਮਾਕੇ ਦੀਆਂ ਧਮਕੀਆਂ ਨਾਲ ਸਬੰਧਤ ਈਮੇਲਾਂ ਪ੍ਰਾਪਤ ਹੋਈਆਂ ਸਨ।

# ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਦੀ ਹਾਲਤ ਹੋਈ ਖ਼ਸਤਾਹਾਲ, 34 'ਚੋਂ 17 ਜਹਾਜ਼ ਹੋਏ ਸੇਵਾ ਤੋਂ ਬਾਹਰ

**ਇਸਲਾਮਾਬਾਦ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀਆਈਏ) ਦੇ 34 ਵਿੱਚੋਂ 17 ਜਹਾਜ਼ਾਂ ਨੂੰ ਜ਼ਰੂਰੀ ਸਪੇਅਰ ਪਾਰਟਸ ਅਤੇ ਹੋਰ ਸਾਜ਼ੋ-ਸਾਮਾਨ ਦੀ ਘਾਟ ਕਾਰਨ ਸੇਵਾ ਤੋਂ ਬਾਹਰ ਕਰ ਦਿੱਤਾ ਗਿਆ ਹੈ। ਏਅਰਲਾਈਨ ਦੇ ਇੱਕ ਸੂਤਰ ਨੇ ਕਿਹਾ, "ਸਥਿਤੀ ਇਹ ਹੈ ਕਿ ਪੀਆਈਏ ਦੇ ਬੇੜੇ ਦੇ 17 ਜਹਾਜ਼ ਅਜੇ ਵੀ ਸੇਵਾ ਤੋਂ ਬਾਹਰ ਹਨ।" ਏਅਰਲਾਈਨ ਦੇ ਕੋਲ ਇਸ ਸਮੇਂ 12 ਵਿੱਚੋਂ ਸੱਤ ਜਹਾਜ਼ ਆਪਣੇ ਬੋਇੰਗ 777 ਫਲੀਟ ਵਿੱਚ ਹਨ। ਇਸ ਤੋਂ ਇਲਾਵਾ, 17 ਏਅਰਬੱਸ ਏ320 ਜਹਾਜ਼ਾਂ ਵਿੱਚੋਂ ਸੱਤ ਗੈਰ-ਕਾਰਜਸ਼ੀਲ ਹਨ। ਏਅਰਲਾਈਨ ਦੇ ਛੋਟੇ ਏਟੀਆਰ ਜਹਾਜ਼ ਵੀ, ਇਸ ਵੇਲੇ ਪੰਜਾਂ ਵਿੱਚੋਂ ਸਿਰਫ਼ ਦੋ ਹੀ ਕੰਮ ਕਰ ਰਹੇ ਹਨ। ਉਡਾਣ ਤੋਂ ਬਾਹਰ ਰੱਖੇ ਗਏ ਜਹਾਜ਼ਾਂ ਵਿੱਚ ਇੰਜਣ, ਲੈਂਡਿੰਗ ਗੀਅਰ, ਸਹਾਇਕ ਪਾਵਰ ਯੂਨਿਟ (ਏਪੀਯੂ) ਅਤੇ ਹੋਰ ਨਾਜ਼ੁਕ ਹਿੱਸਿਆਂ ਸਮੇਤ ਜ਼ਰੂਰੀ ਹਿੱਸੇ ਦਰੁਸਤ ਨਹੀਂ ਹਨ। ਏਅਰਲਾਈਨਜ਼ ਦੇ ਸੂਤਰਾਂ ਨੇ ਕਿਹਾ ਕਿ ਫੰਡਾਂ ਦੀ ਕਮੀ ਅਤੇ ਸਬੰਧਤ ਮੰਤਰਾਲਿਆਂ ਤੋਂ ਸਹੀ ਮਨਜ਼ੂਰੀ ਨਾ ਮਿਲਣਾ ਇਸ ਘਾਟ ਦਾ ਮੁੱਖ ਕਾਰਨ ਹੈ। ਇਸ ਨਾਲ ਦੇਸ਼ ਦੀਆਂ ਰਾਸ਼ਟਰੀ ਏਅਰਲਾਈਨਾਂ ਦੀ ਸੰਚਾਲਨ ਸਮਰੱਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ, ਜੋ ਚਾਰ ਸਾਲ ਦੀ ਪਾਬੰਦੀ ਤੋਂ ਬਾਅਦ 10 ਜਨਵਰੀ ਤੋਂ ਯੂਰਪ ਲਈ ਉਡਾਣਾਂ ਮੁੜ ਸ਼ੁਰੂ ਕਰਨ ਵਾਲੇ ਹਨ। ਸੂਤਰਾਂ ਨੇ ਕਿਹਾ ਕਿ ਹਾਲਾਂਕਿ ਇਹ ਮੁਲਾਂਕਣ ਕਰਨਾ ਅਜੇ ਬਹੁਤ ਜਲਦੀ ਹੈ, ਜੇਕਰ ਮੌਜੂਦਾ ਸਥਿਤੀ ਜਾਰੀ ਰਹਿੰਦੀ ਹੈ, ਤਾਂ ਯੂਰਪ ਲਈ ਯੋਜਨਾਬੱਧ ਸੇਵਾਵਾਂ ਦੀ ਮੁੜ ਸ਼ੁਰੂਆਤ, ਜੋ ਕਿ ਪੈਰਿਸ ਲਈ ਦੋ ਹਫਤਾਵਾਰੀ ਉਡਾਣਾਂ ਨਾਲ ਸ਼ੁਰੂ ਹੋਣ ਵਾਲੀ ਹੈ, ਵਿੱਚ ਦੇਰੀ ਹੋ ਸਕਦੀ ਹੈ।

ਜਨਮ ਦਿਵਸ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ

**ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ** ਜੀ ਦਾ ਜਨਮ ਫੱਗਣ ਸੁਦੀ 7 ਸੰਮਤ 1755 ( 1698 ਈ:) ਨੂੰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਜੀਤੋ ਜੀ ਦੇ ਉੱਦਰ ਤੋਂ ਅਨੰਦਪੁਰ ਸਾਹਿਬ ਵਿੱਚ ਹੋਇਆ।ਕਈ ਵਿਦਵਾਨਾਂ ਨੇ ਜਨਮ ਫੱਗਣ ਵਦੀ 11 ਸੰਮਤ 1756 (1699 ਈ:) ਲਿਖਿਆ ਹੈ। ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ 13

ਆਵਾਜ਼ਿ ਕੌਮ
AWAZE QAUM
International Newspaper & WEB TV

ਪੋਹ ਸੰਮਤ 1761 (27 ਦਸੰਬਰ 1704ਈ:) ਨੂੰ ਸੂਬਾ ਵਜ਼ੀਰ ਖਾਂ ਦੇ ਹੁਕਮ ਨਾਲ ਸਰਹੰਦ ਵਿੱਚ ਸ਼ਹੀਦ ਕੀਤੇ ਗਏ।ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦਾ ਸਰੀਰ ਬਾਬਾ ਫੂਲ ਸਿੰਘ ਜੀ ਦੇ ਸਪੁੱਤਰ ਬਾਬਾ ਤਿਲੋਕ ਸਿੰਘ ਤੇ ਬਾਬਾ ਰਾਮ ਸਿੰਘ ਨੇ ਸਸਕਾਰਿਆ, ਜੋ ਉਸ ਵੇਲੇ ਮਾਮਲਾ ਭਰਨ ਸਰਹੰਦ ਗਏ ਸਨ।

ਇਸ ਸਾਹਿਬਜ਼ਾਦੇ ਦੇ ਜਨਮ ਸਮੇਂ ਵੀ ਖੁਸ਼ੀਆਂ ਮਨਾਈਆਂ ਗਈਆਂ।ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ।ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਇਸ ਸਾਹਿਬਜ਼ਾਦੇ ਦਾ ਨਾਂ ਫ਼ਤਿਹ ਸਿੰਘ ਰੱਖਿਆ ਜਾਵੇ।ਇਹ ਜ਼ੁਲਮਾਂ ਤੇ ਫ਼ਤਿਹ ਹਾਸਿਲ ਕਰੇਗਾ।ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਇੱਕ ਐਸੇ ਸੂਰਬੀਰ ਜੋਧੇ ਸਨ, ਜਿੰਨ੍ਹਾਂ ਨੇ ਆਪਣੀ ਸ਼ਹਾਦਤ ਦੇ ਕੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟ ਕੇ ਰੱਖ ਦਿੱਤੀਆਂ।

ਪ੍ਰੋ.ਜੋਗਿੰਦਰ ਸਿੰਘ ਲਿੱਖਦੇ ਹਨ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਿਰੋਲ ਧਰਮ ਦੀ ਸ਼ਹਾਦਤ ਹੈ। ਸੱਚ, ਪਿਆਰ, ਸੰਤੋਖ, ਤਿਆਗ, ਸਵੈ-ਮਾਣ ਤੇ ਅਜ਼ਾਦੀ ਦਾ ਭਰਪੂਰ ਜਜ਼ਬਾ ਉਨ੍ਹਾਂ ਦੀ ਰਗ-ਰਗ ਵਿੱਚ ਸੀ। ਉਮਰ ਭਾਵੇਂ ਛੋਟੀ ਹੈ, ਪਰ ਹਿਰਦਾ ਪਾਵਨ ਤੇ ਪਵਿੱਤਰ ਹੈ।ਸਰੀਰ ਕੋਮਲ ਹੈ, ਪਰ 'ਵਿਗਾਸ' ਉਨ੍ਹਾਂ ਦੀ ਹਰਕਤ ਵਿੱਚੋਂ ਉਛਾਲੇ ਮਾਰ ਰਿਹਾ ਹੈ।ਸਹਿਜ ਅਵਸਥਾ ਵਿੱਚ ਵਿਚਰ ਰਹੇ ਹਨ।ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋਣ ਦਾ ਮਨ ਵਿੱਚ ਮਾਣ ਹੈ। ਕੋਈ ਮਾਇਆ ਦਾ ਮੋਹ ਨਹੀ, ਕਿਸੇ ਡਰ ਦੀ ਪ੍ਰਵਾਹ ਨਹੀ, ਕੋਈ ਸ਼ੋਭਾ ਤੇ ਸ਼ਕਤੀ ਦੀ ਭੁੱਖ ਨਹੀ, ਕਿਸੇ ਤਰ੍ਹਾਂ ਦਾ ਵੀ ਕੋਈ ਲਾਲਚ ਨਹੀ।

ਪਿਆਰਾ ਸਿੰਘ ਪੱਦਮ ਲਿੱਖਦੇ ਹਨ ਕਿ ਅਸੀਂ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਗੱਲ ਵਿੱਚ ਨਹੀ ਕਰਦੇ ਕਿ ਇੰਨ੍ਹਾਂ ਦਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਵਿੱਚ ਹੋਇਆ, ਸਗੋਂ ਇਸ ਵਡਿਆਈ ਦਾ ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਵਿੱਚ ਹੋਈ ਸੀ।ਇਹ ਸ਼ੇਰ ਦੇ ਬੱਚੇ ਸਨ ਤੇ ਉਹਨਾਂ ਸ਼ੇਰਾਂ ਵਾਲੇ ਕਾਰਨਾਮੇ ਕੀਤੇ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਹਨਾਂ ਰਿਝਾਇਆ, ਉਹ ਬੇਮਿਸਾਲ ਸੀ।



ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਕਈ ਵਿਦਵਾਨ 1698 ਤੇ ਕਈ 1699 ਈ: ਦਾ ਲਿੱਖਦੇ ਹਨ। ਇਸ 1699 ਵਿੱਚ ਖਲਾਸਾ ਪੰਥ ਵੀ ਸਾਜਿਆ ਗਿਆ ਸੀ।ਭਾਈ ਕਾਹਨ ਸਿੰਘ ਨਾਭਾ ਲਿੱਖਦੇ ਹਨ ਕਿ 1699 ਦੀ ਵਿਸਾਖੀ ਨੂੰ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ ਅੰਮ੍ਰਿਤ ਪਾਨ ਕਰਨਾ ਸੀ, ਤਦ ਮਾਤਾ ਗੁਜਰੀ ਜੀ ਨੇ ਜ਼ੋਰਾਵਰ ਸਿੰਘ ਨੂੰ ਵੀ ਅੰਮ੍ਰਿਤ ਪਾਨ ਕਰਨ ਲਈ ਤਿਆਰ ਕੀਤਾ। ਇਸ ਪੁਰ ਮਾਤਾ ਸੁੰਦਰੀ ਜੀ ਕਹਿਣ ਲੱਗੇ, "ਇਹ ਅਜੇ ਛੋਟਾ ਹੈ।" ਤਾਂ ਮਾਤਾ ਗੁਜਰੀ ਜੀ ਨੇ ਕਿਹਾ, "ਇਹ ਬੜੀ ਵੱਡੀ ਆਤਮਕ ਅਵਸਥਾ ਦਾ ਸੁਆਮੀ ਹੈ। ਇਹ ਛੋਟਾ ਨਹੀਂ, ਇਹ ਬਾਬਾ ਹੈ।" ਤਦ ਚਾਰ ਸਾਲ ਦੇ ਬਾਬਾ ਜ਼ੋਰਾਵਰ ਸਿੰਘ ਜੀ ਨੇ ਵੀ ਅੰਮ੍ਰਿਤ ਪਾਨ ਕੀਤਾ।

ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦੇ ਜਨਮ ਤੋਂ ਤਿੰਨ ਸਾਲ ਬਾਦ ਦਾ ਵਾਕਿਆ ਹੈ ਕਿ ਇੱਕ ਵਾਰ ਸਾਹਿਬਜ਼ਾਦੇ ਖੇਡ ਰਹੇ ਸਨ।ਬਾਬਾ ਫ਼ਤਿਹ ਸਿੰਘ ਜੀ ਵੀ ਨਾਲ ਖੇਡਣ ਆ ਗਏ। ਭਰਾਵਾਂ ਨੇ ਆਖਿਆ ਕਿ, "ਤੁਸੀਂ ਨਹੀਂ ਖੇਡ ਸਕਦੇ, ਤੁਸੀ ਛੋਟੇ ਹੋ!" ਤਦ ਬਾਬਾ ਫ਼ਤਿਹ ਸਿੰਘ ਜੀ ਅੰਦਰ ਚਲੇ ਗਏ। ਆਪਣੇ ਸੀਸ ਉੱਪਰ ਪਹਿਲਾਂ ਇੱਕ ਦੁਮਾਲਾ ਸਜਾਇਆ, ਫਿਰ ਦੂਜਾ, ਫਿਰ ਤੀਜਾ.ਤੇ ਆਪਣਾ ਕੱਦ ਇੰਨ੍ਹਾਂ ਦੁਮਾਲਿਆਂ ਦੇ ਸਦਕੇ ਆਪਣੇ ਵੀਰਾਂ ਤੋਂ ਵੀ ਉੱਚਾ ਕਰ ਲਿਆ। ਫਿਰ ਆ ਕੇ ਕਹਿਣ ਲੱਗੇ, "ਹੁਣ ਤਾਂ ਮੈਂ ਵੱਡਾ ਹੋ ਗਿਆ ਹਾਂ ਨਾ, ਹੁਣ ਤਾਂ ਖੇਡ ਸਕਦਾ ਹਾਂ ?" ਗੁਰੂ ਗੋਬਿੰਦ ਸਿੰਘ ਜੀ ਜੋ ਸਭ ਕੁੱਝ ਵੇਖ ਰਹੇ ਸਨ, ਬੜੇ ਪ੍ਰਭਾਵਿਤ ਹੋਏ।ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਨੂੰ ਆਪਣੀ ਗੋਦ ਵਿੱਚ ਲਿਆ ਤੇ ਭਰੀ ਸੰਗਤ ਵਿੱਚ ਐਲਾਨ ਕੀਤਾ, "ਬਾਬਾ ਫ਼ਤਿਹ ਸਿੰਘ ਦੀ ਤਾਬਿਆ, ਇਸ ਬਾਣੇ ਵਾਲਾ ਨਿਹੰਗ ਸਿੰਘਾਂ ਦਾ ਪੰਥ ਕਰਦਾ ਹਾਂ। ਇਹ ਅਕਾਲੀ ਜਥਾ ਹੋਵੇਗਾ, ਜੋ ਕਿਸੇ ਅੱਗੇ ਨਹੀ ਝੁਕੇਗਾ।" ਫਿਰ ਸੰਗਤ ਵਿਚੋਂ ਪੰਜਾਂ ਸਿੰਘਾਂ ਭਾਈ ਉਦੈ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ, ਭਾਈ ਦੇਵਾ ਸਿੰਘ ਤੇ ਭਾਈ ਸੁਲੱਖਣ ਸਿੰਘ ਨੂੰ ਨਵੇਂ ਨੀਲੇ ਬਾਣਿਆਂ ਵਿੱਚ ਸਜਾ ਕੇ ਬਾਬਾ ਫ਼ਤਿਹ ਸਿੰਘ ਦਾ ਨਿਹੰਗ ਜਥਾ ਕਾਇਮ ਕੀਤਾ ਇਹ ਜਥਾ ਸੰਨ 1704 ਵਿੱਚ ਸਥਾਪਤ ਹੋਇਆ।

ਖਾਲਸਾ ਸਾਜਣ ਉਪਰੰਤ 11 ਦੇ ਕਰੀਬ ਜੰਗਾਂ ਗੁਰੂ ਜੀ ਨੂੰ ਲੜਨੀਆਂ ਪਈਆਂ। ਛੇ ਦਾ ਮੈਦਾਨ ਤਾਂ ਅਨੰਦਪੁਰ ਹੀ ਰਿਹਾ। ਬਾਕੀ ਪੰਜਾਂ ਵਿੱਚ ਨਿਰਮੋਹਗੜ੍ਹ, ਬਸਾਲੀ, ਸਰਸਾ, ਚਮਕੌਰ ਅਤੇ ਖਿਦਰਾਣੇ ਦੀ ਢਾਬ(ਮੁਕਤਸਰ) ਮੈਦਾਨ ਬਣੇ। ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸਮੇਂ 13 ਦਸੰਬਰ 1704 ਨੂੰ ਸ਼ਾਮ ਸਮੇਂ ਜਦ ਅਨੰਦਪੁਰ ਛੱਡਿਆ ਤਾਂ ਉਸ ਸਮੇਂ ਗੁਰੂ ਜੀ , ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਜੀ ਤੇ ਕੁੱਝ ਸਿੰਘ ਪਹਿਲਾਂ ਤੇ ਕੁੱਝ ਸਿੰਘ ਜਦ ਬਾਦ ਵਿੱਚ ਨਾਲ ਨਿਕਲੇ ਤਾਂ ਵੈਰੀ ਨੇ ਧੋਖਾ ਕਰਕੇ ਸਰਸਾ ਕਿਨਾਰੇ ਜੰਗ ਸ਼ੁਰੂ ਕਰ ਦਿੱਤਾ। ਇਸ ਸਰਸਾ ਕਿਨਾਰੇ ਗੁਰੂ ਜੀ ਦਾ ਪ੍ਰੀਵਾਰ ਤਿੰਨ ਹਿੱਸਿਆਂ ਵਿੱਚ ਵੰਡਿਆਂ ਗਿਆ।ਵੱਡੇ ਸਾਹਿਬਜ਼ਾਦੇ ਤੇ ਕੁੱਝ ਸਿੰਘ ਗੁਰੂ ਜੀ ਨੇ ਨਾਲ ਰੱਖੇ। ਮਾਤਾ ਸੁੰਦਰੀ ਜੀ , ਮਾਤਾ ਸਾਹਿਬ ਦੇਵਾਂ ਜੀ, ਭਾਈ ਮਨੀ ਸਿੰਘ ਜੀ ਨਾਲ ਹਰਿਦੁਆਰ ਚਲੇ ਗਏ ਤੇ ਉੱਥੋਂ ਦਿੱਲੀ ਚਲੇ ਗਏ।ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਹਮਣ ਜੋ ਗੁਰੂ ਘਰ ਦਾ ਰਸੋਈਆ ਸੀ ਆਪਣੇ ਨਾਲ ਆਪਣੇ ਪਿੰਡ ਲੈ ਗਿਆ।ਇਸ ਸਰਸਾ ਕਿਨਾਰੇ ਗੁਰੂ ਜੀ ਦਾ ਸਾਰਾ ਪ੍ਰੀਵਾਰ ਵਿੱਛੜ ਗਿਆ। ਇੱਕ ਮਹਾਨ ਗ੍ਰੰਥ ' ਵਿੱਦਿਆ-ਸਰ' ਜਿਸ ਦਾ ਅਕਾਰ ਤੇ ਵਜ਼ਨ ਹੀ ਕੇਵਲ 9 ਮਣ ਸੀ, ਸਰਸਾ ਦੀ ਭੇਟ ਹੋ ਗਿਆ।ਬਹੁਤ ਸਾਹਿਤ ਰੁੜ ਗਿਆ।ਗੰਗੂ ਬ੍ਰਹਮਣ ਨੇ ਲਾਲਾਚ ਵੱਸ ਹੋ ਕੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਕੈਦ ਕਰਵਾ ਦਿੱਤਾ। ਜਿਸ ਧੰਨ ਲਈ ਗੰਗੂ ਨੇ ਪਾਪ ਕਮਾਇਆ ਉਸੇ ਧੰਨ ਕਰਕੇ ਉਸਦੀ ਜਾਨ ਗਈ। ਸਾਹਿਬਜ਼ਾਦਿਆਂ ਨੇ ਸੂਬਾ ਸਰਹੰਦ ਦੀ ਈਨ ਨਹੀ ਮੰਨੀ।ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ਼ ਵਿੱਚ ਕੈਦ ਕੀਤਾ ਗਿਆ।ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ।ਕਿਸੇ ਕਵੀ ਨੇ ਬੜਾ ਸੁੰਦਰ ਲਿਖਿਆ ਹੈ:

**ਦੋ ਨੇ ਧਰਤੀ ਚਮਕੌਰ ਦੀ ਰੰਗ ਦਿੱਤੀ,**
**ਦੋ ਸਰਹੰਦ ਦੀ ਧਰਤੀ ਸ਼ਿੰਗਾਰ ਗਏ।**

26 ਦਸੰਬਰ 1704 ਨੂੰ ਸਾਹਿਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ,ਜਦ ਕੰਧਾਂ ਛਾਤੀ ਤੱਕ ਆਈਆਂ ਤਾਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਬੇਹੋਸ਼ ਹੋ ਗਏ। ਰਾਤ ਨੂੰ ਜੜ੍ਹੀ ਬੂਟੀਆਂ ਦੇ ਕੇ ਹੋਸ਼ ਵਿੱਚ ਲਿਆਦਾ ਗਿਆ ਤੇ ਅਗਲੀ ਸਵੇਰ 27 ਦਸੰਬਰ 1704 ਨੂੰ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਮਾਸੂਮ ਜਿੰਦਾਂ ਦੀ ਛਾਤੀ ਤੇ ਗੋਡਾ ਰੱਖ ਕੇ ਛੁਰੀ ਨਾਲ ਕੋਹ ਕੇ ਸ਼ਹੀਦ ਕੀਤਾ। ਸਾਰੇ ਹਾਹਾਕਾਰ ਮੱਚ ਗਈ।ਜਦ ਨੂਰੇ ਮਾਹੀ ਨੇ ਪਿੰਡ ਰਾਏ ਕੋਟ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਦੱਸਿਆ ਤਾਂ ਸਾਹਿਬ ਜੀ ਨੇ ਤੀਰ ਦੀ ਨੋਕ ਨਾਲ ਕਾਈ(ਦੱਬ)ਦੇ ਬੂਟੇ ਦੀ ਜੜ੍ਹ ਨੂੰ ਪੁੱਟ ਕੇ ਫੁਰਮਾਇਆ ਕਿ ਜੋ ਹਕੂਮਤ ਬੱਚਿਆਂ ਕੋਲੋ ਡਰਨ ਲੱਗ ਜਾਏ। ਉਹ ਰਾਜ ਖਤਮ ਸਮਝੋ।ਇਸ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਤੇ ਅੰਤ ਨੂੰ ਮੁਗਲ ਸਾਮਰਾਜ ਦਾ ਖਾਤਮਾ ਹੋ ਗਿਆ।

**-ਧਰਮਿੰਦਰ ਸਿੰਘ (ਚੱਬਾ), ਪਿੰਡ ਤੇ ਡਾਕ:ਚੱਬਾ, ਤਰਨ ਤਾਰਨ ਰੋਡ, ਅੰਮ੍ਰਿਤਸਰ**

